Fair Advice Financial | Carte Wealth Management Inc.
RDSP (Registered Disability Savings Plan)
- Disabled person who is eligible for Disability Tax Credit.
- And who is 49 years old or younger.
- By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਜਗਤ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ

ਕੈਨੇਡੀਅਨ
# ਪੰਜਾਬੀ ਪੋਸਟ
Award Winning Newspaper Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 20* Issue 252 | Friday, December 24, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ




TRILLIUM ROADWAYS
Excellence on Roads Unprecedented in Service




Greetings from -
Trillium Group of Companies
Trillium Roadways
Trillium Expedite
Trillium Logistics

T: 905-795-9666 | 1-877-840-6006
Email: info@trilliumroadways.ca
Fax: 905-795-9802 | www.trilliumroadways.ca

ਫਾਇਲ ਫਾਰਮੈਟ ਵਿੱਚ ਕਿਸੇ ਤਕਨੀਕੀ ਸਮੱਸਿਆ ਦੇ ਕਾਰਨ ਇਸ ਪਰਚੇ ਦੇ ਆਖਰੀ ਰੂਪਾਂਤਰ ਵਿੱਚ ਅਨੁਵਾਦ ਵਿੱਚ ਗਲਤੀ ਸੀ।
ਅਸੀਂ ਇਸ ਭੁਲੇਖੇ ਲਈ ਦਿਲੋਂ ਮੁਆਫੀ ਚਾਹੁੰਦੇ ਹਾਂ।

# ਕਮਿਊਨਿਟੀ ਟ੍ਰੀ ਪ੍ਰਾਜੈਕਟ

ਤੁਹਾਡੇ ਆਲੇ-ਦਆਲੇ ਨੂੰ ਹਰਿਆ-ਭਰਿਆ ਕਰ ਰਿਹਾ ਹੈ

ਰਲ ਕੇ ਅਸੀਂ ਆਪਣੇ ਸ਼ਹਿਰ ਨੂੰ ਸਾਫ-ਸੁਥਰਾ, ਵਧੇਰੇ ਹਰਿਆ-ਭਰਿਆ ਤੇ ਵਾਤਾਵਰਨ ਦੀਆ ਭਬਦੀਲੀਆਂ ਸਹਿਣ ਕਰਨ ਲਈ ਤਿਆਰ ਕਰ ਸਕਦੇ ਹਾਂ। **ਆਓ, ਸਾਡੇ ਨਾਲ ਰਲ ਕੇ ਰੁੱਖ ਲਗਾਉ!**



## ਆਓ, ਆਪਣੀ ਕਾਮਯਾਬੀ ਦੀ ਖੁਸ਼ੀ ਮਨਾਈਏ

**ਵਾਤਾਵਰਨ ਦੀ ਤਬਦੀਲੀ ਸਾਡੇ ਸ਼ਹਿਰਾਂ ਨੂੰ ਗਰਮ ਕਰ ਰਹੀ ਹੈ।** ਅੱਤ ਦੀ ਗਰਮੀ (30° ਸੈਲਸ਼ੀਅਸ ਜਾਂ ਵਧੇਰੇ) ਦਾ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਸਿਹਤ ਉੱਤੇ ਮਾੜਾ ਅਸਰ ਪੈ ਸਕਦਾ ਹੈ।

**ਸ਼ਹਿਰਾਂ ਨੂੰ ਠੰਢਾ ਰੱਖਣ ਦਾ ਇੱਕ ਸੌਖਾ ਤਰੀਕਾ ਰੁੱਖ ਲਗਾਉਣਾ ਹੈ।** ਰੁੱਖਾਂ ਦੀ ਛਾਂ ਗਰਮੀਆਂ ਦੇ ਗਰਮ ਦਿਨਾਂ ਵਿੱਚ ਸਾਨੂੰ 12° ਸੈਲਸ਼ੀ-ਅਸ ਤਕ ਘੱਟ ਗਰਮੀ ਮਹਿਸੂਸ ਕਰਾਉਂਦੀ ਹੈ।

**ਰੁੱਖ ਸਾਡੇ ਸ਼ਹਿਰਾਂ ਨੂੰ ਬਿਹਤਰ ਬਣਾਉਂਦੇ ਹਨ।** ਵਧੇਰੇ ਤੰਦਰੁਸਤ ਰੁੱਖਾਂ ਵਾਲੇ ਇਲਾਕੇ ਅੱਤ ਦੀ ਗਰਮੀ ਦਾ ਅਸਰ ਘੱਟ ਮਹਿਸੂਸ ਕਰਦੇ ਹਨ ਅਤੇ ਵਾਤਾਵਰਨ ਦੀ ਤਬਦੀਲੀ ਨੂੰ ਵਧੇਰੇ ਸਹਿ ਸਕਦੇ ਹਨ।

### ਕਮਿਊਨਿਟੀ ਟ੍ਰੀ ਪ੍ਰਾਜੈਕਟ ਦੀਆਂ ਪ੍ਰਾਪਤੀਆਂ

ਤੁਹਾਡੇ ਅਤੇ ਤੁਹਾਡੇ ਗਵਾਂਢੀਆਂ ਦੇ ਸਹਿਯੋਗ ਸਦਕਾ ਤੁਹਾਡੇ ਸ਼ਹਿਰ ਵਿੱਚ ਵਧੇਰੇ ਰੁੱਖ ਮੌਜੂਦ ਹਨ। ਸੰਨ **2021** ਵਿੱਚ ਕਮਿਊਨਿਟੀ ਟ੍ਰੀ ਪ੍ਰਾਜੈਕਟ (ਸ਼ਹਿਰ ਵਿੱਚ ਰੁੱਖ ਲਗਾਉਣ ਦੀ ਪ੍ਰੀਯੋਜਨਾ) ਤਹਿਤਃ

- **2,877** ਰੁੱਖ ਅਤੇ ਝਾੜੀਆਂ ਲਗਾਈਆਂ ਗਈਆਂ
- **72** ਨਾਗਰਿਕ ਸਮਾਗਮ ਕੀਤੇ ਗਏ
- ਭਾਈਚਾਰੇ ਦੇ **1,871** ਮੈਂਬਰਾਂ ਨਾਲ ਰਲ ਕੇ ਕੰਮ ਕੀਤੇ ਗਏ
- ਹਰ ਸਾਲ **28** ਟਨ ਕਾਰਬਨ ਸੋਖਣ ਵਾਲੇ ਰੁੱਖ ਲਗਾਏ ਗਏ

ਵਧੇਰੇ ਜਾਣਕਾਰੀ ਲਈ ਵੈੱਬਸਾਈਟ **cvc.ca/CommunityTreeProject** ਵੇਖੋ।

### ਸਾਡੇ ਨਾਲ ਸੰਪਰਕ ਕਰੋ

Credit Valley Conservation
inspired by nature

Phone: 905-670-1615 ext. 436
Email: stewardship@cvc.ca
Twitter: @CVC_CA
Facebook: @CreditValleyConservation
Follow us: #PlantTreeswithCVC

Funded in part by:
Financé en partie par :
Canada

With support from:
BRAMPTON



# BRAMPTON PARKING PLAN



**HELP PLAN HOW PARKING WILL EVOLVE AS THE CITY OF BRAMPTON GROWS.**

**JOIN US FOR A VIRTUAL PUBLIC AND STAKEHOLDER ENGAGEMENT SESSION ON THURSDAY,**
**JANUARY 13, 6 TO 8 PM.**

To register for the session and more information about the Brampton Parking Plan visit
**www.brampton.ca/parkingplan**

311
BRAMPTON



# BOXING WEEK DEALS ARE IN!

## GET A $50 IN-STORE CREDIT

*WITH NEW ACTIVATION ON A $40/MO DATA, TALK, & TEXT PLAN OR HIGHER

+ UP TO 30% OFF SELECT PHONES

chatr
AUTHORIZED DEALER

1 Promenade Circle | Thornhill, ON | 647-274-3808
379 Main St. North | Brampton, ON | 905-451-0379
2456 Lake Shore Blvd West | Etobicoke, ON | 416-259-3654

See in-store for details. Offer available December 26th - December 31st, 2021 and subject to change without notice. *Only applicable with new activation on a $40/mo or higher Data, Talk & Text plan. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2021



ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਜਗਤ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ, ਅਸੀਂ ਕਾਮਨਾ ਕਰਦੇ ਹਾਂ ਕਿ ਆਉਣ ਵਾਲਾ ਨਵਾਂ ਸਾਲ ਸਭ ਲਈ ਖੁਸ਼ੀਆਂ ਭਰਿਆ ਤੇ ਤੰਦਰੁਸਤੀ ਤੇ ਤਰੱਕੀਆਂ ਵਾਲਾ ਹੋਵੇ : *ਮੁੱਖ ਸੰਪਾਦਕ*

# ਕੈਨੇਡਾ ਵਿਚ ਕੋਵਿਡ-19 ਇਨਫੈਕਸ਼ਨਜ਼ ਨੇ ਤੋੜਿਆ ਰਿਕਾਰਡ

ਓਟਵਾ, 23 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਕੈਨੇਡਾ ਵਿੱਚ ਕੋਵਿਡ-19 ਦੇ 14,995 ਮਾਮਲੇ ਸਾਹਮਣੇ ਆਏ ਤੇ ਇਸ ਨਾਲ ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਦਾ ਨਵਾਂ ਰਿਕਾਰਡ ਕਾਇਮ ਹੋ ਗਿਆ।

ਇੱਕਠੇ ਕੀਤੇ ਗਏ ਡਾਟਾ ਅਨੁਸਾਰ ਵਾਇਰਸ ਕਾਰਨ ਇਨਫੈਕਸ਼ਨਜ਼ ਦੇ ਮਾਮਲਿਆਂ ਵਿੱਚ ਹੋ ਰਹੇ ਲਗਾਤਾਰ ਵਾਧੇ ਤੋਂ ਬਾਅਦ ਮੰਗਲਵਾਰ ਨੂੰ ਦੇਸ਼ ਵਿੱਚ ਕੋਵਿਡ-19 ਦੇ 11,690 ਮਾਮਲੇ ਦਰਜ ਕੀਤੇ ਗਏ ਤੇ ਸੋਮਵਾਰ ਨੂੰ 10,665 ਮਾਮਲੇ ਰਿਕਾਰਡ ਕੀਤੇ ਗਏ। ਡਾਟਾ ਅਨੁਸਾਰ ਦੇਸ਼ ਦੀ ਸੱਤ ਦਿਨਾਂ ਦੀ ਔਸਤ, ਜੋ ਕਿ 10,487 ਕੇਸ ਹਨ, ਵੀ ਮਹਾਂਮਾਰੀ ਦੌਰਾਨ ਐਨੀ ਕਦੇ ਨਹੀਂ ਰਹੀ। ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ



ਟੈਮ ਨੇ ਆਖਿਆ ਕਿ ਕਈ ਪ੍ਰੋਵਿੰਸਾਂ ਵਿੱਚ ਇਸ ਸਮੇਂ ਓਮਾਈਕ੍ਰੌਨ ਵੇਰੀਐਂਟ ਭਾਰੂ ਹੈ।

ਟੈਮ ਨੇ ਆਖਿਆ ਕਿ ਇਸ ਤੋਂ ਬਾਅਦ ਤੋਂ ਹੀ ਕਾਰੋਬਾਰਾਂ ਨੂੰ ਬੰਦ ਕਰਨ ਤੇ ਪਾਬੰਦੀਆਂ ਸਖ਼ਤ ਕਰਨ ਦੀ ਨੌਬਤ ਦੁਬਾਰਾ ਆ ਗਈ ਹੈ। ਉਨ੍ਹਾਂ ਆਖਿਆ ਕਿ ਮਾਡਲਿੰਗ ਦਰਸਾਉਂਦੀ ਹੈ ਕਿ ਜਨਵਰੀ ਤੋਂ ਸ਼ੁਰੂ ਕਰਕੇ ਮਾਮਲਿਆਂ ਦੀ ਗਿਣਤੀ ਕਾਫੀ ਵੱਧ ਸਕਦੀ ਹੈ ਤੇ ਇਸ ਲਈ ਸਾਨੂੰ ਹੁਣੇ ਹੀ ਕਾਰਵਾਈ ਕਰਨ ਦੀ ਲੋੜ ਹੈ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਵਾਇਰਸ ਤੇਜ਼ੀ ਨਾਲ ਫੈਲ ਰਿਹਾ ਹੈ ਪਰ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਗੰਭੀਰ ਮਾਮਲੇ ਡੈਲਟਾ ਵੇਰੀਐਂਟ ਨਾਲ ਜੁੜੇ ਹਨ ਜਾਂ ਓਮਾਈਕ੍ਰੌਨ ਨਾਲ ਜੁੜੇ ਹਨ।

ਟੈਮ ਨੇ ਆਖਿਆ ਕਿ ਭਾਵੇਂ ਓਮਾਈਕ੍ਰੌਨ ਘੱਟ ਖਤਰਨਾਕ ਵੀ ਹੋਵੇ ਪਰ ਫਿਰ ਵੀ ਇਸ ਕਾਰਨ ਕੈਨੇਡੀਅਨ ਹਸਪਤਾਲਾਂ ਵਿੱਚ ਇਸ ਵਾਇਰਸ ਕਾਰਨ ਐਨੇ ਮਾਮਲੇ ਵੱਧ ਸਕਦੇ ਹਨ ਕਿ ਸੁਨਾਮੀ ਆ ਸਕਦੀ ਹੈ। ਹੈਲਥ ਕੇਅਰ ਸਿਸਟਮ ਉੱਤੇ ਬੋਝ ਵਧਣ ਤੋਂ ਰੋਕਣ ਲਈ ਟੈਮ ਨੇ ਕੈਨੇਡੀਅਨਜ਼ ਨੂੰ ਅਪੀਲ ਕੀਤੀ ਕਿ ਉਹ ਸਾਰੇ ਪਬਲਿਕ ਹੈਲਥ ਨਿਯਮਾਂ ਦਾ ਪਾਲਣ ਕਰਨ ਤੇ ਹੋ ਸਕੇ ਤਾਂ ਆਪਣੀ ਕ੍ਰਿਸਮਸ ਸਬੰਧੀ ਯੋਜਨਾ ਵੀ ਬਦਲ ਦੇਣ। ਇਸ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਮੌਕੇ ਉੱਤੇ ਹਾਜ਼ਰ ਸਨ ਤੇ ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਵੀ ਤਿਓਹਾਰਾਂ ਦੇ ਇਨ੍ਹਾਂ ਦਿਨਾਂ ਵਿੱਚ ਦੋਸਤਾਂ ਨੂੰ ਨਾ ਮਿਲਣ ਤੇ ਇੱਕਠ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਕੋਵਿਡ-19 ਪਾਬੰਦੀਆਂ ਤੋਂ ਪ੍ਰਭਾਵਿਤ ਕਾਰੋਬਾਰਾਂ ਦੀ ਮਦਦ ਲਈ ਫੋਰਡ ਸਰਕਾਰ ਨੇ ਨਵੇਂ ਆਰਥਿਕ ਮਾਪਦੰਡਾਂ ਦਾ ਕੀਤਾ ਐਲਾਨ

ਓਨਟਾਰੀਓ, 23 ਦਸੰਬਰ (ਪੋਸਟ ਬਿਊਰੋ) : ਓਮਾਈਕ੍ਰੌਨ ਵੇਰੀਐਂਟ ਦੇ ਪਸਾਰ ਨੂੰ ਰੋਕਣ ਲਈ ਲਾਈਆਂ ਗਈਆਂ ਤਾਜ਼ਾ ਪਾਬੰਦੀਆਂ ਤੋਂ ਪ੍ਰਭਾਵਿਤ ਕਾਰੋਬਾਰਾਂ ਦੀ ਮਦਦ ਲਈ ਫੋਰਡ ਸਰਕਾਰ ਨੇ ਨਵੇਂ ਆਰਥਿਕ ਮਾਪਦੰਡਾਂ ਦਾ ਐਲਾਨ ਕੀਤਾ।




ਨਵੇਂ ਓਨਟਾਰੀਓ ਬਿਜ਼ਨਸ ਕੌਸਟਸ ਰੀਬੇਟ ਪ੍ਰੋਗਰਾਮ ਤਹਿਤ ਯੋਗ ਬਿਜ਼ਨਸਿਜ਼ ਨੂੰ ਰਿਬੇਟ ਪੇਅਮੈਂਟਸ ਦਿੱਤੀਆਂ ਜਾਣਗੀਆਂ ਜੋ ਕਿ ਪ੍ਰੌਪਰਟੀ ਟੈਕਸ ਤੇ ਐਨਰਜੀ ਕੌਸਟ ਦੇ 50 ਫੀ ਸਦੀ ਬਰਾਬਰ ਹੋਣਗੀਆਂ। ਇਹ ਉਦੋਂ ਤੱਕ ਜਾਰੀ ਰਹਿਣਗੀਆਂ ਜਦੋਂ ਤੱਕ ਤਾਜ਼ਾ ਪਾਬੰਦੀਆਂ ਪ੍ਰਭਾਵੀ ਰਹਿੰਦੀਆਂ ਹਨ। ਇਸ ਤੋਂ ਇਲਾਵਾ ਪ੍ਰੋਵਿੰਸ ਵੱਲੋਂ ਛੇ ਮਹੀਨੇ ਲਈ ਪ੍ਰਭਾਵਿਤ ਕਾਰੋਬਾਰਾਂ ਲਈ ਇੰਟਰਸਟ ਐਂਡ ਪੈਨਲਟੀ ਫਰੀ ਪੀਰੀਅਡ (ਵਿਆਜ ਤੇ ਜੁਰਮਾਨਾ ਰਹਿਤ ਪੀਰੀਅਡ) ਪੇਸ਼ ਕੀਤਾ ਜਾ ਰਿਹਾ ਹੈ ਜਿਸ ਨਾਲ ਇਨ੍ਹਾਂ ਕਾਰੋਬਾਰਾਂ ਨੂੰ ਪ੍ਰੋਵਿੰਸ਼ੀਅਲ ਪੱਧਰ ਉੱਤੇ ਲਾਏ ਜਾਣ ਵਾਲੇ ਟੈਕਸਾਂ ਦੀ ਅਦਾਇਗੀ ਕਰਨ ਵਿੱਚ ਮਦਦ ਮਿਲੇਗੀ।

ਫੋਰਡ ਸਰਕਾਰ ਦਾ ਕਹਿਣਾ ਹੈ ਕਿ ਇਸ ਮਾਪਦੰਡ ਨਾਲ ਓਨਟਾਰੀਓ ਦੇ 80,000 ਕਾਰੋਬਾਰਾਂ ਨੂੰ 7.5 ਬਿਲੀਅਨ ਡਾਲਰ ਦੀ ਰਾਹਤ ਮੁਹੱਈਆ ਕਰਵਾਈ ਜਾਵੇਗੀ। ਵਿੱਤ ਮੰਤਰੀ ਪੀਟਰ ਬੈਥਲਨਫੈਲਵੀ ਨੇ ਆਖਿਆ ਕਿ ਕੋਵਿਡ-19 ਖਿਲਾਫ ਪ੍ਰੋਵਿੰਸ ਦੀ ਲੜਾਈ ਵਿੱਚ ਓਨਟਾਰੀਓ ਦੇ ਕਾਰੋਬਾਰ ਪਹਿਲਾਂ ਹੀ ਕਾਫੀ ਯੋਗਦਾਨ ਪਾ ਚੁੱਕੇ ਹਨ। ਅਸੀਂ ਸਮਝਦੇ ਹਾਂ ਕਿ ਵਾਰੀ ਵਾਰੀ ਲਾਈਆਂ ਜਾਣ ਵਾਲੀਆਂ ਅਜਿਹੀਆਂ ਪਾਬੰਦੀਆਂ ਕਾਰਨ ਕਾਰੋਬਾਰਾਂ ਉੱਤੇ ਕਾਫੀ ਅਸਰ ਪਵੇਗਾ ਤੇ ਇਸੇ ਲਈ ਅਸੀਂ ਉਨ੍ਹਾਂ ਦੀ ਮਦਦ ਲਈ ਹੱਥ ਅੱਗੇ ਵਧਾ ਰਹੇ ਹਾਂ।

ਇਹ ਨਵਾਂ ਰਿਬੇਟ ਪ੍ਰੋਗਰਾਮ ਜਨਵਰੀ ਦੇ ਮੱਧ ਵਿੱਚ ਲਾਂਚ ਕੀਤਾ ਜਾਵੇਗਾ ਤੇ ਪ੍ਰੋਵਿੰਸ ਦਾ ਕਹਿਣਾ ਹੈ ਕਿ ਯੋਗ ਕਾਰੋਬਾਰਾਂ ਵਿੱਚ ਰੈਸਟੋਰੈਂਟਸ, ਨਿੱਕੇ ਰੀਟੇਲ ਸਟੋਰਜ਼ ਤੇ ਜਿੰਮਜ਼ ਸ਼ਾਮਲ ਹੋਣਗੇ। ਪ੍ਰੋਵਿੰਸ ਨੇ ਇਹ ਵੀ ਆਖਿਆ ਕਿ ਜਿਹੜੇ ਕਾਰੋਬਾਰ ਇਸ ਲਈ ਯੋਗ ਹੋਣਗੇ ਉਨ੍ਹਾਂ ਦੀ ਲਿਸਟ ਵੀ ਨਵੇਂ ਸਾਲ ਵਿੱਚ ਪ੍ਰੋਗਰਾਮ ਗਾਈਡ ਦੇ ਨਾਲ ਹੀ ਜਾਰੀ ਕੀਤੀ ਜਾਵੇਗੀ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਲੜਕੀ ਜ਼ਖ਼ਮੀ

ਮਿਸੀਸਾਗਾ, 23 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਮਿਸੀਸਾਗਾ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 17 ਸਾਲਾ ਲੜਕੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।



ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਦੁਪਹਿਰੇ 1:30 ਵਜੇ ਹੁਰੌਨਤਾਰੀਓ ਸਟਰੀਟ ਤੇ ਬਰਨਹੈਮਥੌਰਪ ਵਿੱਚ ਵਾਪਰਿਆ। ਪੈਰਾਮੈਡਿਕਸ ਨੇ ਦੱਸਿਆ ਕਿ ਲੜਕੀ ਨੂੰ ਕਾਫੀ ਸੱਟਾਂ ਲੱਗੀਆਂ ਤੇ ਉਸ ਦੀ ਹਾਲਤ ਵੀ ਨਾਜ਼ੁਕ ਬਣੀ ਹੋਈ ਹੈ।

ਡਰਾਈਵਰ ਘਟਨਾ ਵਾਲੀ ਥਾਂ ਉੱਤੇ ਮੌਜੂਦ ਰਿਹਾ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੋਵਿਡ-19 ਪਾਬੰਦੀਆਂ ਦੇ ਬਾਵਜੂਦ ਫੈਡਰਲ ਬੈਨੇਫਿਟ ਲਈ ਕੋਈ ਵੀ ਯੋਗ ਨਹੀਂ



ਓਟਵਾ, 23 ਦਸੰਬਰ (ਪੋਸਟ ਬਿਊਰੋ) : ਕ੍ਰਿਸਮਸ ਤੋਂ ਪਹਿਲਾਂ ਭਾਵੇਂ ਦੇਸ਼ ਵਿੱਚ ਕਈ ਥਾਂਵਾਂ ਉੱਤੇ ਨਵੀਆਂ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ ਪਰ ਨਵੇਂ ਫੈਡਰਲ ਬੈਨੇਫਿਟ ਲਈ ਕੋਈ ਵੀ ਅਜੇ ਤੱਕ ਯੋਗ ਨਹੀਂ ਹੋ ਸਕਿਆ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਖਾਸ ਵਰਡਿੰਗ ਕਾਰਨ ਵਰਕਰਜ਼ ਨੂੰ ਇਹ ਮਦਦ ਹਾਸਲ ਕਰਨ ਵਿੱਚ ਦਿੱਕਤ ਆ ਰਹੀ ਹੈ।

ਪਿਛਲੇ ਹਫਤੇ ਪਾਰਲੀਆਮੈਂਟ ਵਿੱਚ ਬਿੱਲ ਸੀ-2 ਪਾਸ ਕੀਤਾ ਗਿਆ। ਇਸ ਤਹਿਤ ਕੈਨੇਡਾ ਵਰਕਰ ਲਾਕਡਾਊਨ ਬੈਨੇਫਿਟ (ਸੀ ਡਬਲਿਊ ਐਲ ਬੀ) ਪ੍ਰੋਗਰਾਮ ਤਿਆਰ ਕੀਤਾ ਗਿਆ। ਇਸ ਪ੍ਰੋਗਰਾਮ ਰਾਹੀਂ ਕੋਵਿਡ-19 ਲਾਕਡਾਊਨ ਕਾਰਨ ਕੰਮ ਨਾ ਕਰ ਸਕਣ ਵਾਲੇ ਹਰ ਸ਼ਖਸ ਨੂੰ ਹਫਤੇ ਦੇ 300 ਡਾਲਰ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਬਿੱਲ ਵਿੱਚ ਦਰਸਾਏ ਗਏ ਅਨੁਸਾਰ ਇਹ ਆਰਥਿਕ ਮਦਦ 24 ਅਕਤੂਬਰ, 2021 ਤੇ 7 ਮਈ, 2022 ਦਰਮਿਆਨ ਦਿੱਤੀ ਜਾਣੀ ਹੈ।

ਪਰ ਇਸ ਬਿੱਲ ਦੇ ਪਾਸ ਹੋਣ ਤੇ ਇਸ ਨਵੇਂ ਪ੍ਰੋਗਰਾਮ ਦੇ ਬਾਵਜੂਦ ਅਜੇ ਤੱਕ ਕਿਸੇ ਵੀ ਵਰਕਰ ਵੱਲੋਂ ਇਸ ਮਦਦ ਲਈ ਅਪਲਾਈ ਨਹੀਂ ਕੀਤਾ ਜਾ ਸਕਿਆ ਹੈ ਕਿਉਂਕਿ ਦੇਸ਼ ਵਿੱਚ ਕਿਸੇ ਵੀ ਥਾਂ ਨੂੰ ਲਾਕਡਾਊਨ ਹੇਠਾਂ ਨਹੀਂ ਦਰਸਾਇਆ ਜਾ ਰਿਹਾ।

ਸੀ ਡਬਲਿਊ ਐਲ ਬੀ ਉਦੋਂ ਹੀ ਹਾਸਲ ਹੋਵੇਗਾ ਜਦੋਂ ਕੋਵਿਡ-19 ਕਾਰਨ ਕਿਸੇ ਰੀਜਨ ਨੂੰ ਲਾਕਡਾਊਨ ਕੀਤਾ ਗਿਆ ਹੋਵੇਗਾ। ਤੁਹਾਡਾ ਰੀਜਨ ਉਸ ਸਮੇਂ ਹੀ ਇਸ ਪ੍ਰੋਗਰਾਮ ਅਧੀਨ ਆਵੇਗਾ ਜਦੋਂ 14 ਦਿਨਾਂ ਲਈ ਉੱਥੇ ਲਾਕਡਾਊਨ ਹੋਇਆ ਹੋਵੇ। ਇਹ ਖੁਲਾਸਾ ਫੈਡਰਲ ਸਰਕਾਰ ਦੀ ਵੈੱਬਸਾਈਟ ਉੱਤੇ ਕੀਤਾ ਗਿਆ ਹੈ।

ਕਈ ਸ਼ੌਪਜ਼, ਬਾਰਜ਼ ਤੇ ਰੈਸਟੋਰੈਂਟਸ ਨੂੰ ਓਮਾਈਕ੍ਰੌਨ ਵੇਰੀਐਂਟ ਦੇ ਪਸਾਰ ਤੋਂ ਬਾਅਦ ਧੱਕੇ ਨਾਲ ਬੰਦ ਕਰਨ ਲਈ ਆਖਿਆ ਜਾ ਰਿਹਾ ਹੈ। ਇਨ੍ਹਾਂ ਥਾਂਵਾਂ ਦੀ ਕਪੈਸਿਟੀ ਲਿਮਿਟ ਕਾਫੀ ਘਟਾ ਦਿੱਤੀ ਗਈ ਹੈ। ਪਰ ਆਪਣੇ ਕੰਮ ਤੋਂ ਹੱਥ ਧੁਆ ਬੈਠੇ ਲੋਕਾਂ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਹੁਣ ਕਿੱਧਰ ਜਾਣ ਕਿਉਂਕਿ ਸਰਕਾਰਾਂ ਨਾ ਤਾਂ ਪੂਰੀ ਤਰ੍ਹਾਂ ਲਾਕਡਾਊਨ ਲਾ ਰਹੀਆਂ ਹਨ ਤੇ ਨਾ ਹੀ ਸੀ ਈ ਆਰ ਬੀ ਵਾਂਗ ਸਰਕਾਰ ਵੱਲੋਂ ਹੀ ਆਰਥਿਕ ਮਦਦ ਲਈ 2000 ਡਾਲਰ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਜਿਸ ਕਾਰਨ ਕਈ ਲੋਕਾਂ ਨੂੰ ਦੋ ਵਕਤ ਦੀ ਰੋਟੀ ਦੇ ਵੀ ਲਾਲੇ ਪੈ ਗਏ ਹਨ।

# ਫਲੂਵੌਕਸਾਮਾਈਨ ਨੂੰ ਕੋਵਿਡ-19 ਦੇ ਇਲਾਜ ਲਈ ਵਿਚਾਰ ਰਿਹਾ ਹੈ ਓਨਟਾਰੀਓ



ਓਨਟਾਰੀਓ, 23 ਦਸੰਬਰ (ਪੋਸਟ ਬਿਊਰੋ) : ਇੱਕ ਸਸਤੀ ਤੇ ਮੰਨੀ ਪ੍ਰਮੰਨੀ ਐਂਟੀਡਿਪ੍ਰੈਸੈਂਟ ਦਵਾਈ ਨੂੰ ਓਨਟਾਰੀਓ ਵੱਲੋਂ ਕੋਵਿਡ-19 ਦੇ ਇਲਾਜ ਲਈ ਵਰਤਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਕੋਵਿਡ-19 ਦੇ ਮਾਮੂਲੀ ਲੱਛਣਾਂ ਵਾਲੇ ਲੋਕਾਂ ਦਾ ਇਲਾਜ ਇਸ ਦਵਾਈ ਨਾਲ ਕੀਤਾ ਜਾ ਸਕਦਾ ਹੈ ਤੇ ਇਸ ਨੂੰ ਇਲਾਜ ਲਈ ਵਰਤਣ ਵਾਸਤੇ ਡਾਕਟਰਾਂ ਵੱਲੋਂ ਵਿਚਾਰ ਕੀਤਾ ਜਾ ਸਕਦਾ ਹੈ।

ਬੁੱਧਵਾਰ ਨੂੰ ਸਾਇੰਸ ਟੇਬਲ ਦੀ ਲਿਸਟਿੰਗ ਵਜੋਂ ਇੱਕ ਪੈਨਲ ਨੇ ਇਹ ਸੰਕੇਤ ਦਿੱਤਾ ਕਿ ਫਲੂਵੌਕਸਾਮਾਈਨ ਨਾਂ ਦੀ ਇਸ ਦਵਾਈ ਨੂੰ ਅਜਿਹੇ ਮਰੀਜ਼ਾਂ ਨੂੰ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਨੂੰ ਵਧੇਰੇ ਖਤਰਨਾਕ ਲੱਛਣ ਹੋਣ ਦਾ ਰਿਸਕ ਹੋਵੇ। ਫਲੂਵੌਕਸਾਮਾਈਨ ਸਿਲੈਕਟਿਵ ਸੈਰੋਟੋਨਿਲ ਰਿਊਪਟੇਕ ਇਨਹਿਬਿਟਰ ( ਐਸ ਐਸ ਆਰ ਆਈ ) ਹੈ, ਜੋ ਕਿ ਐਂਟੀਡਿਪ੍ਰੈਜ਼ੈਂਟ ਹੈ ਤੇ ਇਸ ਦੀ ਵਰਤੋਂ ਆਮ ਤੌਰ ਉੱਤੇ ਤਣਾਅ ਤੇ ਆਬਸੈਸਿਵ ਕੰਪਲਸਿਵ ਡਿਸਆਰਡਰ ਨੂੰ ਠੀਕ ਕਰਨ ਲਈ ਕੀਤੀ ਜਾਂਦੀ ਹੈ।

ਮੈਕਮਾਸਟਰ ਯੂਨੀਵਰਸਿਟੀ ਦੀ ਐਸੋਸਿਏਟ ਪ੍ਰੋਫੈਸਰ ਅਤੇ ਓਨਟਾਰੀਓ ਦੀ ਕੋਵਿਡ-19 ਸਾਇੰਸ ਐਡਵਾਈਜ਼ਰੀ ਟੇਬਲ ਦੀ ਕੋ-ਚੇਅਰ ਡਾ. ਮੇਨਕਾ ਪਾਇ ਨੇ ਆਖਿਆ ਕਿ ਇਸ ਸਮੇਂ ਓਮਾਈਕ੍ਰੌਨ ਦੀ ਚੱਲ ਰਹੀ ਵੇਵ ਕਾਰਨ ਨਵੀਂ ਪਰੇਸ਼ਾਨੀ ਖੜ੍ਹੀ ਹੋ ਗਈ ਹੈ ਤੇ ਦਿਨੋਂ ਦਿਨ ਇਸ ਕਾਰਨ ਪ੍ਰਭਾਵਿਤ ਹੋਣ ਵਾਲਿਆਂ ਦੀ ਗਿਣਤੀ ਬਹੁਤ ਵੱਧ ਰਹੀ ਹੈ। ਸਾਡਾ ਕੰਮ ਸਾਰਿਆਂ ਨੂੰ ਸੇਫ ਰੱਖਣਾ ਹੈ ਤੇ ਉਨ੍ਹਾਂ ਨੂੰ ਹਸਪਤਾਲਾਂ ਤੋਂ ਦੂਰ ਰੱਖਣਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਦਵਾਈ ਦੀ ਕੀਮਤ ਰੋਜ਼ ਦੇ ਇੱਕ ਡਾਲਰ ਤੋਂ ਮਾਮੂਲੀ ਜ਼ਿਆਦਾ ਹੈ ਤੇ ਇਸ ਨੂੰ 15 ਦਿਨ ਲਈ ਲੈਣਾ ਹੋਵੇਗਾ ਤੇ ਇਸ ਦੀ ਨਿੱਕੀ ਡੋਜ਼ ਲੈਣੀ ਹੋਵੇਗੀ। ਇਸ ਦੇ ਮੁਕਾਬਲੇ ਫਾਈਜ਼ਰ ਤੇ ਮਰਕ ਵੱਲੋਂ ਦਿੱਤੀਆਂ ਜਾਣ ਵਾਲੀ ਐਂਟੀਵਾਇਰਲ ਦਵਾਈਆਂ ਦੀ ਕੀਮਤ 1,000 ਡਾਲਰ ਪ੍ਰਤੀ ਮਰੀਜ਼ ਹੈ।

# ਅਕਤੂਬਰ ਵਿੱਚ ਅਰਥਚਾਰੇ ਵਿੱਚ ਹੋਇਆ 0.8 ਫੀ ਸਦੀ ਦਾ ਵਾਧਾ : ਸਟੈਟੇਸਟਿਕਸ ਕੈਨੇਡਾ




ਓਟਵਾ, 23 ਦਸੰਬਰ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਅਕਤੂਬਰ ਵਿੱਚ ਕੈਨੇਡਾ ਦੇ ਅਸਲ ਕੁੱਲ ਘਰੇਲੂ ਉਤਪਾਦ ਵਿੱਚ 0.8 ਫੀ ਸਦੀ ਦਾ ਵਾਧਾ ਹੋਇਆ।

ਇਹ ਅੰਕੜੇ ਏਜੰਸੀ ਵੱਲੋਂ ਪਿਛਲੇ ਮਹੀਨੇ ਜਾਰੀ ਕੀਤੇ ਗਏ ਮੁੱਢਲੇ ਅੰਦਾਜ਼ੇ ਤੇ ਵਿਸ਼ਲੇਸ਼ਕਾਂ ਦੀਆਂ ਉਮੀਦਾਂ ਨਾਲ ਮੇਲ ਖਾਂਦੇ ਹਨ। ਅਕਤੂਬਰ ਦੇ ਮਹੀਨੇ ਬਹੁਤੇ ਸੈਕਟਰਾਂ ਵਿੱਚ ਮੁਨਾਫਾ ਹੋਇਆ ਹੈ, ਇਨ੍ਹਾਂ ਵਿੱਚ ਉਤਪਾਦਨ ਖੇਤਰ ਵੀ ਸ਼ਾਮਲ ਹੈ ਜਿਸ ਵਿੱਚ 1.8 ਫੀ ਸਦੀ ਦਾ ਮੁਨਾਫਾ ਕਮਾਇਆ। ਸਟੈਟੇਸਟਿਕਸ ਆਫਿਸ ਨੇ ਨੋਟਸ ਜੋ ਵੀ ਹੋਣ ਪਰ ਉਤਪਾਦਨ ਦੇ ਖੇਤਰ ਵਿੱਚ ਸੈਮੀਕੰਡਕਟਰ ਚਿੱਪਸ ਦੀ ਘਾਟ ਕਾਰਨ ਤੇ ਸਪਲਾਈ ਚੇਨ ਵਿੱਚ ਆ ਰਹੇ ਅੜਿੱਕਿਆਂ ਕਾਰਨ ਆਟੋ ਮੈਨੂਫੈਕਚਰਿੰਗ ਦੇ ਖੇਤਰ ਵਿੱਚ ਕਮੀ ਪਾਈ ਜਾ ਰਹੀ ਹੈ।

ਇਸ ਤੋਂ ਇਲਾਵਾ ਅਕਤੂਬਰ ਵਿੱਚ ਰੀਟੇਲ ਟਰੇਡ, ਕੰਸਟ੍ਰਕਸ਼ਨ ਤੇ ਘਰਾਂ ਦੀ ਰੀਸੇਲ ਐਕਟੀਵਿਟੀ ਵਿੱਚ ਵੀ ਮੁਨਾਫਾ ਹੋਇਆ ਹੈ। ਇਸ ਦੇ ਨਾਲ ਹੀ ਆਰਟਸ ਤੇ ਐਂਟਰਟੇਨਮੈਂਟ ਸੈਕਟਰ ਵਿੱਚ ਫਾਇਦਾ ਹੋਇਆ। ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਅਕਤੂਬਰ ਵਿੱਚ ਇਕਨੌਮਿਕ ਐਕਟੀਵਿਟੀ 0.4 ਫੀ ਸਦੀ ਰਹੀ।

# ਕੋਵਿਡ-19 ਦੇ ਇਲਾਜ ਲਈ ਅਮੈਰੀਕਨਜ਼ ਹੁਣ ਲੈ ਸਕਣਗੇ ਫਾਈਜ਼ਰ ਦੀ ਪਿੱਲ

ਵਾਸ਼ਿੰਗਟਨ, 23 ਦਸੰਬਰ (ਪੋਸਟ ਬਿਊਰੋ) : ਅਮਰੀਕਾ ਦੇ ਹੈਲਥ ਰੈਗੂਲੇਟਰਜ਼ ਨੇ ਬੁੱਧਵਾਰ ਨੂੰ ਕੋਵਿਡ-19 ਖਿਲਾਫ ਪਹਿਲੀ ਪਿੱਲ ਨੂੰ ਆਥਰਾਈਜ਼ ਕਰ ਦਿੱਤਾ। ਵਾਇਰਸ ਦੇ ਮਾੜੇ ਪ੍ਰਭਾਵ ਨੂੰ ਰੋਕਣ ਲਈ ਘਰ ਵਿੱਚ ਹੀ ਹੁਣ ਅਮੈਰੀਕਨਜ਼ ਫਾਈਜ਼ਰ ਕੰਪਨੀ ਦੀ ਇਹ ਪਿੱਲ ਲੈ ਸਕਣਗੇ।



ਓਮਾਈਕ੍ਰੌਨ ਵੇਰੀਐਂਟ ਕਾਰਨ ਮੁੜ ਤੇਜ਼ੀ ਨਾਲ ਭਰ ਰਹੇ ਅਮਰੀਕਾ ਦੇ ਹਸਪਤਾਲਾਂ ਦਰਮਿਆਨ ਇਹ ਨਵੀਂ ਰਾਹਤ ਦੀ ਖਬਰ ਆਈ ਹੈ। ਚਿਰਾਂ ਤੋਂ ਇਸ ਤਰ੍ਹਾਂ ਦੀ ਕਿਸੇ ਪਿੱਲ ਦੀ ਉਡੀਕ ਕੀਤੀ ਜਾ ਰਹੀ ਸੀ ਜਿਸ ਨਾਲ ਇਸ ਵਾਇਰਸ ਤੋਂ ਥੋੜ੍ਹਾ ਸਾਹ ਆ ਸਕੇ। ਇਹ ਪਿੱਲ, ਜਿਸ ਦਾ ਨਾਂ ਪੈਕਸਲੋਵਿਡ ਹੈ, ਕੋਵਿਡ-19 ਦੇ ਮੁੱਢਲੇ ਲੱਛਣਾਂ ਦੇ ਇਲਾਜ ਲਈ ਕਾਫੀ ਤੇਜ਼ ਤੇ ਸਸਤਾ ਇਲਾਜ ਹੈ। ਇਸ ਪਿੱਲ ਦੀ ਸਪਲਾਈ ਕਾਫੀ ਸੀਮਤ ਹੈ। ਪਹਿਲਾਂ ਆਥਰਾਈਜ਼ ਕੀਤੀਆਂ ਗਈਆਂ ਵੈਕਸੀਨਜ਼ ਲਈ ਆਈ ਵੀ ਜਾਂ ਇੰਜੈਕਸ਼ਨ ਦੀ ਲੋੜ ਪੈਂਦੀ ਸੀ।

ਇਸ ਤੋਂ ਇਲਾਵਾ ਮਰਕ ਦੀ ਐਂਟੀਵਾਇਰਲ ਪਿੱਲ ਨੂੰ ਵੀ ਜਲਦ ਹੀ ਆਥਰਾਈਜ਼ੇਸ਼ਨ ਮਿਲਣ ਦੀ ਸੰਭਾਵਨਾ ਹੈ। ਪਰ ਫਾਈਜ਼ਰ ਦੀ ਇਹ ਪਿੱਲ ਤਰਜੀਹੀ ਬਦਲ ਵਜੋਂ ਅਪਣਾਈ ਜਾ ਸਕਦੀ ਹੈ ਕਿਉਂਕਿ ਇਸ ਦੇ ਸਾਈਡ ਇਫੈਕਟਸ ਬਹੁਤ ਮਾਮੂਲੀ ਹਨ ਤੇ ਇਸ ਦਾ ਸਕਾਰਾਤਮਕ ਅਸਰ ਕਾਫੀ ਜ਼ਿਆਦਾ ਹੈ। ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਬਾਲਗਾਂ ਤੇ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਇਸ ਪਿੱਲ ਨੂੰ ਇਜਾਜ਼ਤ ਦਿੱਤੀ ਗਈ ਹੈ। ਇਹ ਪਿੱਲ ਮੁਟਾਪੇ ਤੇ ਦਿਲ ਦੀਆਂ ਬਿਮਾਰੀਆਂ ਤੋਂ ਪ੍ਰਭਾਵਿਤ ਲੋਕਾਂ ਲਈ ਵੀ ਮਾਫਕ ਦੱਸੀ ਜਾ ਰਹੀ ਹੈ। ਇਸ ਦਵਾਈ ਨੂੰ ਲੈਣ ਵਾਲੇ ਬੱਚਿਆਂ ਦਾ ਭਾਰ 88 ਪਾਊਂਡ (40 ਕਿੱਲੋਗ੍ਰਾਮ) ਹੋਣਾ ਚਾਹੀਦਾ ਹੈ।

# ਬਰੈਂਪਟਨ ਵਿੱਚ ਅਮੋਨੀਆ ਹੋਈ ਲੀਕ

ਬਰੈਂਪਟਨ, 23 ਦਸੰਬਰ (ਪੋਸਟ ਬਿਊਰੋ) : ਸੰਭਾਵੀ ਤੌਰ ਉੱਤੇ ਅਮੋਨੀਆ ਲੀਕ ਹੋਣ ਕਾਰਨ ਬਰੈਂਪਟਨ ਦੇ ਕੁੱਝ ਹਿੱਸੇ ਵਿੱਚ ਮੌਜੂਦ ਕਾਰੋਬਾਰੀ ਅਦਾਰਿਆਂ ਤੇ ਆਲੇ ਦੁਆਲੇ ਵਾਲੀਆਂ ਇਮਾਰਤਾਂ ਨੂੰ ਖਾਲੀ ਕਰਵਾ ਲਿਆ ਗਿਆ। ਵੀਰਵਾਰ ਸਵੇਰੇ 7:30 ਵਜੇ ਬ੍ਰਾਮੇਲੀਆ ਰੋਡ ਤੇ ਡੈਰੀ ਰੋਡ ਨੇੜੇ ਲਾਜਸਟਿਕਸ ਡਰਾਈਵ ਇਲਾਕੇ ਵਿੱਚ ਇਹ ਲੀਕੇਜ ਹੋਣ ਤੋਂ ਬਾਅਦ ਫਾਇਰ ਅਮਲੇ ਨੂੰ ਸੱਦਿਆ ਗਿਆ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਰਿਪੋਰਟ ਨਹੀਂ ਮਿਲੀ ਹੈ। ਸਵੇਰੇ 10:00 ਵਜ ਤੋਂ ਬਾਅਦ ਜਾਰੀ ਕੀਤੇ ਗਏ ਟਵੀਟ ਵਿੱਚ ਪੀਲ ਪੁਲਿਸ ਨੇ ਆਖਿਆ ਕਿ ਫਾਇਰਫਾਈਟਰਜ਼ ਨੇ ਲੀਕੇਜ ਬੰਦ ਕਰ ਦਿੱਤੀ ਤੇ ਲੋਕਾਂ ਨੂੰ ਬਾਅਦ ਵਿੱਚ ਉਨ੍ਹਾਂ ਨੂੰ ਉਨ੍ਹਾਂ ਦੀਆਂ ਸਬੰਧਤ ਬਿਲਡਿੰਗਜ਼ ਵਿੱਚ ਭੇਜ ਦਿੱਤਾ ਗਿਆ। ਲੇਬਰ ਮੰਤਰਾਲੇ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936




REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com




SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



## ਜੀਟੀਏ ਦੇ ਹਸਪਤਾਲਾਂ ਨੇ ਵਿਜ਼ਿਟਰ ਪਾਲਿਸੀ ਕੀਤੀ ਸਖ਼ਤ

ਓਨਟਾਰੀਓ, 23 ਦਸੰਬਰ (ਪੋਸਟ ਬਿਊਰੋ) : ਪ੍ਰੋਵਿੰਸ ਵਿੱਚ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਜੀਟੀਏ ਦੇ ਹਸਪਤਾਲਾਂ ਵਿੱਚ ਵਿਜ਼ਿਟਰਜ਼ ਪਾਲਿਸੀ ਸਖ਼ਤ ਕੀਤੀ ਜਾ ਰਹੀ ਹੈ।



ਮੰਗਲਵਾਰ ਤੋਂ ਹਸਪਤਾਲ ਦਾਖਲ ਹੋਣ ਵਾਲੇ ਸਾਰੇ ਵਿਜ਼ਿਟਰਜ਼ ਦਾ ਪੂਰੀ ਤਰ੍ਹਾਂ ਵੈਕਸੀਨੇਟਿਡ ਹੋਣਾ ਜ਼ਰੂਰੀ ਹੈ ਤੇ ਉਨ੍ਹਾਂ ਨੂੰ ਆਪਣੀ ਵਿਜ਼ਿਟ ਪਹਿਲਾਂ ਤੋਂ ਮਨਜ਼ੂਰ ਵੀ ਕਰਵਾਉਣੀ ਹੋਵੇਗੀ। ਜਿਹੜੇ ਮਰੀਜ਼ ਹਸਪਤਾਲ ਵਿੱਚ ਸੱਤ ਦਿਨ ਤੋਂ ਵੀ ਘੱਟ ਸਮਾਂ ਬਿਤਾਉਂਦੇ ਹਨ ਉਨ੍ਹਾਂ ਨੂੰ ਮਿਲਣ ਲਈ ਵਿਜ਼ਿਟਰਜ਼ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇੱਕ ਹਫਤੇ ਤੋਂ ਜ਼ਿਆਦਾ ਦੇਰ ਰੁਕਣ ਵਾਲੇ ਮਰੀਜ਼ ਨੂੰ ਮਿਲਣ ਆਉਣ ਲਈ ਵੀ ਸਿਰਫ ਇੱਕ ਵਿਜ਼ਿਟਰ ਨੂੰ ਹੀ ਇਜਾਜ਼ਤ ਹੋਵੇਗੀ।

ਇਹ ਨਿਯਮ ਲਾਗੂ ਕਰਨ ਵਾਲਿਆਂ ਵਿੱਚ ਯੂਨੀਵਰਸਿਟੀ ਹੈਲਥ ਨੈੱਟਵਰਕ, ਯੂਨਿਟੀ ਹੈਲਥ ਅਤੇ ਸਨੀਬਰੁੱਕ ਹਸਪਤਾਲ-ਜਿਨ੍ਹਾਂ ਵਿੱਚ ਟੋਰਾਂਟੋ ਜਨਰਲ, ਟੋਰਾਂਟੋ ਵੈਸਟਰਨ ਤੇ ਪ੍ਰਿੰਸੈੱਸ ਮਾਰਗ੍ਰੇਟ ਹਸਪਤਾਲ, ਸੇਂਟ ਮਾਈਕਲ ਤੇ ਸੇਂਟ ਜੋਸਫ ਹਸਪਤਾਲ ਸ਼ਾਮਲ ਹਨ।

## ਮੁਜ਼ਾਹਰਾਕਾਰੀਆਂ ਦੇ ਵਿਰੋਧ ਕਾਰਨ ਆਪਣੇ ਹੀ ਘਰ ਵਿਚ ਦਾਖਲ ਨਹੀਂ ਹੋ ਸਕੇ ਫੋਰਡ

ਓਨਟਾਰੀਓ, 23 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੈਕਸੀਨੇਸ਼ਨ ਦਾ ਵਿਰੋਧ ਕਰਨ ਵਾਲੇ ਮੁਜ਼ਾਹਰਾਕਾਰੀਆਂ ਵੱਲੋਂ ਘਰ ਦੇ ਅੰਦਰ ਹੀ ਦਾਖਲ ਨਹੀਂ ਹੋਣ ਦਿੱਤਾ ਗਿਆ। ਇਹ ਖੁਲਾਸਾ ਫੋਰਡ ਦੀ ਤਰਜ਼ਮਾਨ ਵੱਲੋਂ ਕੀਤਾ ਗਿਆ।

ਫੋਰਡ ਦੀ ਤਰਜ਼ਮਾਨ ਇਵਾਨਾ ਯੈਲਿਚ ਨੇ ਸੋਮਵਾਰ ਨੂੰ ਇੱਕ ਟਵੀਟ ਵਿੱਚ ਆਖਿਆ ਕਿ ਪੂਰਾ ਵੀਕੈਂਡ ਹੀ ਪ੍ਰੀਮੀਅਰ ਤੇ ਉਨ੍ਹਾਂ ਦੇ ਪਰਿਵਾਰ ਨੂੰ ਵੈਕਸੀਨ ਦਾ ਵਿਰੋਧ ਕਰਨ ਵਾਲਿਆਂ ਵੱਲੋਂ ਘਰ ਦੇ ਅੰਦਰ ਦਾਖਲ ਨਹੀਂ ਹੋਣ ਦਿੱਤਾ ਗਿਆ।ਐਤਵਾਰ ਨੂੰ ਟੋਰਾਂਟੋ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮੁਜ਼ਾਹਰਾਕਾਰੀਆਂ ਵੱਲੋਂ ਇਟੋਬੀਕੋ ਸਥਿਤ ਪ੍ਰੀਮੀਅਰ ਦੇ ਘਰ ਨੂੰ ਘੇਰਾ ਪਾਇਆ ਗਿਆ ਸੀ ਤੇ ਉਹ ਓਨਟਾਰੀਓ ਦੀ ਵੈਕਸੀਨੇਸ਼ਨ ਸਟ੍ਰੈਟੇਜੀ ਦਾ ਵਿਰੋਧ ਕਰ ਰਹੇ ਸਨ।



ਜ਼ਿਕਰਯੋਗ ਹੈ ਕਿ ਮਹਾਂਮਾਰੀ ਦੌਰਾਨ ਵਾਇਰਸ ਦੇ ਪਸਾਰ ਨੂੰ ਰੋਕਣ ਲਈ ਸਰਕਾਰ ਵੱਲੋਂ ਜਿੰਨੇ ਵੀ ਪਬਲਿਕ ਹੈਲਥ ਮਾਪਦੰਡ ਐਲਾਨੇ ਗਏ ਸਨ ਉਨ੍ਹਾਂ ਦਾ ਵਿਰੋਧ ਕਰਨ ਲਈ ਮੁਜ਼ਾਹਰਾਕਾਰੀ ਪ੍ਰੀਮੀਅਰ ਦੇ ਘਰ ਦੇ ਬਾਹਰ ਅਕਸਰ ਆਉਂਦੇ ਰਹੇ ਹਨ। ਇੱਕ ਵਾਰੀ ਮੁੜ ਓਮਾਈਕ੍ਰੌਨ ਦੇ ਮਾਮਲਿਆਂ ਵਿੱਚ ਹੋ ਰਹੇ ਵਾਧੇ ਨੂੰ ਰੋਕਣ ਲਈ ਇੱਕ ਵਾਰੀ ਮੁੜ ਇਸ ਸ਼ੁੱਕਰਵਾਰ ਨੂੰ ਫੋਰਡ ਸਰਕਾਰ ਵੱਲੋਂ ਰੈਸਟੋਰੈਂਟ ਤੇ ਹੋਰ ਸੈਟਿੰਗਜ਼ ਲਈ ਐਲਾਨੇ ਗਏ ਨਵੇਂ ਮਾਪਦੰਡਾਂ ਤੋਂ ਬਾਅਦ ਹੀ ਇਹ ਮੁਜ਼ਾਹਰਾਕਾਰੀ ਤੈਸ਼ ਵਿੱਚ ਆਏ ਲੱਗਦੇ ਹਨ।

## ਇੱਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਕਾਰਨ 30 ਪੈਰਾਮੈਡਿਕਸ ਆਏ ਕੋਵਿਡ-19 ਪਾਜ਼ੀਟਿਵ




ਓਟਵਾ, 23 ਦਸੰਬਰ (ਪੋਸਟ ਬਿਊਰੋ) : ਆਫ ਡਿਊਟੀ ਇੱਕ ਸੋਸ਼ਲ ਈਵੈਂਟ ਵਿੱਚ ਹਿੱਸਾ ਲੈਣ ਕਾਰਨ ਤਿੰਨ ਦਰਜਨ ਦੇ ਨੇੜੇ ਓਟਵਾ ਦੇ ਪੈਰਾਮੈਡਿਕਸ ਕੋਵਿਡ-19 ਪਾਜ਼ੀਟਿਵ ਪਾਏ ਗਏ।

ਪੈਰਾਮੈਡਿਕ ਚੀਫ ਪਿਏਰੇ ਪੌਇਰੀਅਰ ਨੇ ਸਿਟੀ ਕਾਊਂਸਲਰਜ਼ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਦੱਸਿਆ ਕਿ ਬੁੱਧਵਾਰ ਨੂੰ ਪ੍ਰਾਈਵੇਟ ਇੱਕਠ ਵਿੱਚ ਹਿੱਸਾ ਲੈਣ ਤੋਂ ਬਾਅਦ ਪੈਰਾਮੈਡਿਕ ਸਰਵਿਸ ਦੇ ਮੈਂਬਰ ਵਿੱਚ ਕੋਵਿਡ-19 ਦੇ ਲੱਛਣ ਪਾਏ ਗਏ। ਇਸ ਮੈਂਬਰ ਦੇ ਟੈਸਟ ਸ਼ਨਿੱਚਰਵਾਰ ਨੂੰ ਪਾਜ਼ੀਟਿਵ ਆਏ। ਇਸ ਮੈਂਬਰ ਦੇ ਲੱਛਣ ਸਾਹਮਣੇ ਆਉਣ ਤੋਂ 48 ਘੰਟੇ ਪਹਿਲਾਂ ਇਹ ਇੱਕਠ ਹੋਇਆ ਸੀ, ਇਸ ਲਈ ਇਸ ਵਿੱਚ ਹਿੱਸਾ ਲੈਣ ਵਾਲੇ ਸਾਰੇ ਮੈਂਬਰਾਂ ਨੂੰ ਕੋਵਿਡ-19 ਟੈਸਟ ਕਰਵਾਉਣ ਲਈ ਆਖਿਆ ਗਿਆ।ਇਸ ਸਮੇਂ ਸਰਵਿਸ ਦੇ 30 ਮੈਂਬਰ ਕੋਵਿਡ-19 ਪਾਜ਼ੀਟਿਵ ਆ ਚੁੱਕੇ ਹਨ।

ਪੌਇਰੀਅਰ ਨੇ ਦੱਸਿਆ ਕਿ ਹੋਰਨਾਂ 93 ਵਿਅਕਤੀਆਂ ਦੀ ਸਟਾਫ ਦੇ ਨੇੜਲੇ ਸੰਪਰਕ ਵਜੋਂ ਪਛਾਣ ਕੀਤੀ ਗਈ ਸੀ ਪਰ ਐਕਸਪੋਜ਼ਰ ਸਮੇਂ ਉਨ੍ਹਾਂ ਵਿੱਚ ਕੋਈ ਲੱਛਣ ਨਹੀਂ ਪਾਏ ਗਏ ਤੇ ਉਨ੍ਹਾਂ ਦੇ ਕੋਵਿਡ-19 ਟੈਸਟ ਰਿਜ਼ਲਟ ਵੀ ਪਾਜ਼ੀਟਿਵ ਨਹੀਂ ਆਏ।ਪੌਇਰੀਅਰ ਨੇ ਦੱਸਿਆ ਕਿ ਐਨੇ ਮੈਂਬਰਾਂ ਦੇ ਪਾਜ਼ੀਟਿਵ ਆਉਣ ਦੇ ਬਾਵਜੂਦ ਸਰਵਿਸ ਪ੍ਰਭਾਵਿਤ ਨਹੀਂ ਹੋਈ ਹੈ।

## ਬੱਚਿਆਂ ਲਈ ਕੈਨੇਡਾ ਨੂੰ ਹਾਸਲ ਹੋਈ ਇੱਕ ਮਿਲੀਅਨ ਤੋਂ ਵੀ ਵੱਧ ਕੋਵਿਡ-19 ਵੈਕਸੀਨ



ਓਟਵਾ, 23 ਦਸੰਬਰ (ਪੋਸਟ ਬਿਊਰੋ) : ਬੱਚਿਆਂ ਲਈ ਇੱਕ ਮਿਲੀਅਨ ਤੋਂ ਵੀ ਵੱਧ ਕੋਵਿਡ-19 ਵੈਕਸੀਨ ਕੈਨੇਡਾ ਪਹੁੰਚ ਚੁੱਕੀ ਹੈ। ਇਹ ਜਾਣਕਾਰੀ ਦੇਸ਼ ਦੇ ਪਬਲਿਕ ਸਰਵਿਸਿਜ਼ ਤੇ ਪ੍ਰੋਕਿਓਰਮੈਂਟ ਮੰਤਰੀ ਨੇ ਦਿੱਤੀ।

ਇੱਕ ਪ੍ਰੈੱਸ ਰਲੀਜ਼ ਵਿੱਚ ਮੰਗਲਵਾਰ ਨੂੰ ਫਿਲੋਮੈਨਾ ਤਾਸੀ ਨੇ ਆਖਿਆ ਕਿ ਸੋਮਵਾਰ ਨੂੰ ਫਾਈਜ਼ਰ-ਬਾਇਓਐਨਟੈਕ ਕੌਮਿਰਨਾਟੀ ਦੀਆਂ 1.136 ਮਿਲੀਅਨ ਡੋਜ਼ਾਂ ਕੈਨੇਡਾ ਪਹੁੰਚ ਚੁੱਕੀਆਂ ਹਨ। ਰਲੀਜ਼ ਵਿੱਚ ਆਖਿਆ ਗਿਆ ਕਿ ਇਸ ਤੋਂ ਭਾਵ ਹੈ ਕਿ ਪੰਜ ਤੋਂ 11 ਸਾਲ ਦੇ ਬੱਚੇ ਜਦੋਂ ਵੀ ਯੋਗ ਹੋਣਗੇ ਉਨ੍ਹਾਂ ਨੂੰ ਹੁਣ ਆਪਣੀ ਦੂਜੀ ਡੋਜ਼ ਹਾਸਲ ਹੋ ਜਾਵੇਗੀ। ਫੈਡਰਲ ਸਰਕਾਰ ਨੇ ਆਖਿਆ ਕਿ ਅਸੀਂ ਇਨ੍ਹਾਂ ਡੋਜ਼ਾਂ ਨੂੰ ਜਲਦ ਤੋਂ ਜਲਦ ਪ੍ਰੋਵਿੰਸਾਂ ਨੂੰ ਦੇਣ ਲਈ ਤੇਜ਼ੀ ਨਾਲ ਕੰਮ ਕਰ ਰਹੇ ਹਾਂ।

ਇਸ ਸਾਲ ਦੇ ਸ਼ੁਰੂ ਵਿੱਚ ਕੈਨੇਡਾ ਨੂੰ ਬੱਚਿਆਂ ਲਈ ਕੋਵਿਡ ਵੈਕਸੀਨ ਦੀਆਂ 2.9 ਮਿਲੀਅਨ ਡੋਜ਼ਾਂ ਹਾਸਲ ਹੋ ਗਈਆਂ ਸਨ।ਸਰਕਾਰ ਨੇ ਉਸ ਸਮੇਂ ਆਖਿਆ ਸੀ ਕਿ ਐਨੀਆਂ ਡੋਜ਼ਾਂ ਕੈਨੇਡਾ ਵਿੱਚ ਹਰੇਕ ਯੋਗ ਬੱਚੇ ਨੂੰ ਪਹਿਲੀ ਡੋਜ਼ ਦੇਣ ਲਈ ਕਾਫੀ ਸਨ। ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਆਖਿਆ ਕਿ ਕੈਨੇਡੀਅਨ ਮਾਪੇ ਇਸ ਲਈ ਚਿੰਤਤ ਸਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਕੋਵਿਡ-19 ਤੋਂ ਕਿਸ ਤਰ੍ਹਾਂ ਬਚਾਇਆ ਜਾਵੇ।

ਡਕਲਸ ਨੇ ਇੱਕ ਰਲੀਜ਼ ਵਿੱਚ ਆਖਿਆ ਕਿ ਮਾਪੇ ਹੋਣ ਨਾਤੇ ਸਾਨੂੰ ਵੀ ਰਾਹਤ ਮਿਲੀ ਹੈ ਕਿ ਇਹ ਦੂਜਾ ਬੈਚ ਬੱਚਿਆਂ ਲਈ ਜਲਦ ਆ ਗਿਆ। ਉਨ੍ਹਾਂ ਆਖਿਆ ਕਿ ਇਸ ਨਾਲ ਇਹ ਯਕੀਨ ਬੱਝ ਗਿਆ ਹੈ ਕਿ ਹਾਲੀਡੇਅ ਸੀਜ਼ਨ ਦੌਰਾਨ ਕੈਨੇਡੀਅਨ ਬੱਚਿਆਂ ਨੂੰ ਵੀ ਸ਼ੌਟਸ ਮਿਲ ਜਾਣਗੇ ਤੇ ਕੋਵਿਡ-19 ਦੇ ਪਸਾਰ ਨੂੰ ਰੋਕਣ ਵਿੱਚ ਹੋਰ ਮਦਦ ਮਿਲੇਗੀ।

## ਫੈਡਰਲ ਲਿਬਰਲਾਂ ਨੇ ਕ੍ਰਿਮੀਨਲ ਮੁਆਫੀ ਲਈ ਅਪਲਾਈ ਕਰਨ ਵਾਸਤੇ ਫੀਸ ਘਟਾਈ



ਓਟਵਾ, 23 ਦਸੰਬਰ (ਪੋਸਟ ਬਿਊਰੋ) : ਕ੍ਰਿਮੀਨਲ ਮੁਆਫੀ ਲਈ ਅਪਲਾਈ ਕਰਨ ਵਾਸਤੇ ਫੈਡਰਲ ਫੀਸ 658 ਡਾਲਰ ਤੋਂ ਘਟਾ ਕੇ 50 ਡਾਲਰ ਕਰ ਦਿੱਤੀ ਗਈ ਹੈ।ਇਸ ਫੀਸ ਵਿੱਚ ਇਹ ਕਟੌਤੀ ਨਵੇਂ ਸਾਲ ਤੋਂ ਪਹਿਲਾਂ ਕੀਤੀ ਗਈ ਹੈ।

ਅੱਜ ਕੀਤੇ ਗਏ ਐਲਾਨ ਨਾਲ ਲਿਬਰਲਾਂ ਨੇ ਆਪਣਾ ਇੱਕ ਵਾਅਦਾ ਪੂਰਾ ਕੀਤਾ ਹੈ।ਲਿਬਰਲਾਂ ਦਾ ਇਹ ਦਾਅਵਾ ਹੈ ਕਿ ਉਹ ਮੁਆਫੀ ਹਾਸਲ ਕਰਨਾ ਘੱਟ ਖਰਚੀਲਾ ਹੋ ਜਾਵੇਗਾ ਤੇ ਇਸ ਨਾਲ ਸਿਸਟਮ ਵਿੱਚ ਸੁਧਾਰ ਆਵੇਗਾ। ਸਰਕਾਰ ਦਾ ਕਹਿਣਾ ਹੈ ਕਿ ਪ੍ਰੋਸੈਸਿੰਗ ਫੀਸ ਲਈ 50 ਡਾਲਰ ਦੇਣ ਤੋਂ ਇਲਾਵਾ ਬਿਨੈਕਾਰ ਨੂੰ ਜੇ ਹੋਰ ਜਾਣਕਾਰੀ ਚਾਹੀਦੀ ਹੋਵੇਗੀ, ਜਿਵੇਂ ਕਿ ਫਿੰਗਰ ਪ੍ਰਿੰਟਸ, ਕੋਰਟ ਦਸਤਾਵੇਜ਼ ਤੇ ਪੁਲਿਸ ਚੈੱਕ ਆਦਿ, ਉਨ੍ਹਾਂ ਨੂੰ ਵਾਧੂ ਫੀਸ ਆਪਣੇ ਪੱਲਿਓਂ ਦੇਣੀ ਹੋਵੇਗੀ।

ਸਰਕਾਰ ਦਾ ਕਹਿਣਾ ਹੈ ਕਿ ਉਹ ਕਮਿਊਨਿਟੀ ਬੇਸਡ ਆਰਗੇਨਾਈਜ਼ੇਸ਼ਨਜ਼ ਨੂੰ ਇਹ ਰਿਕਾਰਡ ਸਸਪੈਨਸ਼ਨ ਅਰਜ਼ੀਆਂ ਮੁਕੰਮਲ ਕਰਨ ਵਿੱਚ ਲੋਕਾਂ ਦੀ ਮਦਦ ਕਰਨ ਲਈ ਅਤੇ ਇਨ੍ਹਾਂ ਸੇਵਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਅਗਲੇ ਪੰਜ ਸਾਲਾਂ ਵਾਸਤੇ 22 ਮਿਲੀਅਨ ਡਾਲਰ ਮੁਹੱਈਆ ਕਰਾਵੇਗੀ।ਇਸ ਤੋਂ ਇਲਾਵਾ ਸਰਕਾਰ ਪੈਰੋਲ ਬੋਰਡ ਆਫ ਕੈਨੇਡਾ ਦੇ ਆਧੁਨਿਕੀਕਰਣ ਲਈ ਚਲਾਏ ਜਾਣ ਵਾਲੇ ਪ੍ਰੋਗਰਾਮ ਉੱਤੇ ਵੀ ਪੈਸਾ ਖਰਚਣ ਬਾਰੇ ਸੋਚ ਰਹੀ ਹੈ।

## ਪੀਸੀ ਪਾਰਟੀ ਨੂੰ ਹਾਸਲ ਹੋਈ ਲੀਡ, ਐਨਡੀਪੀ ਤੇ ਲਿਬਰਲ ਦੂਜੇ ਸਥਾਨ ਲਈ ਕਰ ਰਹੇ ਹਨ ਸੰਘਰਸ਼ : ਸਰਵੇਖਣ ਰਿਪੋਰਟ



ਓਨਟਾਰੀਓ, 23 ਦਸੰਬਰ (ਪੋਸਟ ਬਿਊਰੋ) : ਪੋਸਟਮੀਡੀਆ-ਲੇਜਰ ਵੱਲੋਂ ਕਰਵਾਏ ਗਏ ਇੱਕ ਨਵੇਂ ਸਰਵੇਖਣ ਅਨੁਸਾਰ ਛੇ ਮਹੀਨੇ ਮਗਰੋਂ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਲਈ ਓਨਟਾਰੀਓ ਪ੍ਰੋਗਰੈਸਿਵ ਕੰਜ਼ਰਵੇਟਿਵਸ ਨੂੰ ਲੀਡ ਹਾਸਲ ਹੋਈ ਹੈ। ਇਸ ਦੌਰਾਨ ਐਨਡੀਪੀ ਤੇ ਲਿਬਰਲ ਪਾਰਟੀਆਂ ਦੂਜੇ ਸਥਾਨ ਲਈ ਵੋਟਰਾਂ ਨੂੰ ਆਪਣੇ ਵੱਲ ਕਰਨ ਲਈ ਜੂਝਦੀਆਂ ਨਜ਼ਰ ਆ ਰਹੀਆਂ ਹਨ।

ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 38 ਫੀ ਸਦੀ ਨੇ ਆਖਿਆ ਕਿ ਉਹ ਕੰਜ਼ਰਵੇਟਿਵਾਂ ਨੂੰ ਵੋਟ ਕਰਨਗੇ, ਇਹ ਅੰਕੜੇ ਨਵੰਬਰ ਵਿੱਚ ਕਰਵਾਏ ਗਏ ਸਰਵੇਖਣ ਤੋਂ ਚਾਰ ਪੁਆਇੰਟ ਵੱਧ ਹਨ। ਇਸ ਸਮੇਂ ਐਨਡੀਪੀ ਵੀ ਲਿਬਰਲਾਂ ਤੋਂ ਅੱਗੇ ਚੱਲ ਰਹੀ ਹੈ, 28 ਫੀ ਸਦੀ ਲੋਕਾਂ ਨੇ ਆਖਿਆ ਕਿ ਉਹ ਐਨਡੀਪੀ ਨੂੰ ਵੋਟ ਪਾਉਣ ਦੇ ਹੱਕ ਵਿੱਚ ਹਨ ਜਦਕਿ ਲਿਬਰਲਾਂ ਨੂੰ ਵੋਟ ਕਰਨ ਵਾਲਿਆਂ ਦੀ ਗਿਣਤੀ 25 ਫੀ ਸਦੀ ਹੀ ਰਹੀ। ਪਿਛਲੇ ਮਹੀਨੇ ਲਿਬਰਲ ਪਾਰਟੀ ਐਨਡੀਪੀ ਨਾਲੋਂ ਪੰਜ ਅੰਕ ਅੱਗੇ ਚੱਲ ਰਹੀ ਸੀ।

ਲੈਜਰ ਦੇ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਐਂਡਰਿਊ ਐਨਜ਼ ਨੇ ਆਖਿਆ ਕਿ ਕੰਜ਼ਰਵੇਟਿਵਾਂ ਵੱਲੋਂ ਕੀਤੀ ਜਾ ਰਹੀ ਇਸ਼ਤਿਹਾਰਬਾਜ਼ੀ ਤੇ ਦਿੱਤੇ ਜਾ ਰਹੇ ਪਾਜ਼ੀਟਿਵ ਮੈਸੇਜ ਕਾਰਨ ਹੀ ਉਨ੍ਹਾਂ ਦੀਆਂ ਵੋਟਾਂ ਵਿੱਚ ਵਾਧਾ ਹੋਇਆ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਅਜੇ ਵੋਟਰ ਐਨਡੀਪੀ ਤੇ ਲਿਬਰਲਾਂ ਦਰਮਿਆਨ ਵੋਟ ਕਰਨ ਦਾ ਮਨ ਨਹੀਂ ਬਣਾ ਪਾਏ ਹਨ। ਜੇ ਇਹੋ ਹਾਲ ਰਿਹਾ ਤਾਂ ਕੰਜ਼ਰਵੇਟਿਵਾਂ ਨੂੰ ਹੋਰ ਵੋਟਾਂ ਮਿਲਣ ਦੀ ਸੰਭਾਵਨਾ ਹੈ।

ਇਸ ਦੌਰਾਨ ਹਰਮਨਪਿਆਰੇ ਆਗੂਆਂ ਵਿੱਚ ਐਨਡੀਪੀ ਦੀ ਐਂਡਰੀਆ ਹੋਰਵਥ ਨੂੰ 43 ਫੀ ਸਦੀ ਨਾਲ ਸੱਭ ਤੋਂ ਵੱਧ ਅੰਕ ਮਿਲੇ ਹਨ, ਡੱਗ ਫੋਰਡ ਨੂੰ 41 ਫੀ ਸਦੀ, ਲਿਬਰਲ ਆਗੂ ਡੈੱਲ ਡੂਕਾ ਨੂੰ 27 ਫੀ ਸਦੀ ਅੰਕ ਹਾਸਲ ਹੋਏ ਹਨ।

## ਟਰੂਡੋ ਦਾ ਸਟਾਫ, ਸਕਿਊਰਿਟੀ ਆਏ ਪਾਜ਼ੀਟਿਵ



ਓਟਵਾ, 23 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਜਾਰੀ ਕੀਤੀ ਗਈ ਫੈਡਰਲ ਕੋਵਿਡ-19 ਅਪਡੇਟ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਨ੍ਹਾਂ ਦੇ ਸਟਾਫ ਦੇ ਤਿੰਨ ਮੈਂਬਰ ਤੇ ਉਨ੍ਹਾਂ ਦੀ ਸਕਿਊਰਿਟੀ ਦੇ ਤਿੰਨ ਮੈਂਬਰ ਕੋਵਿਡ-19 ਪਾਜ਼ੀਟਿਵ ਆਏ ਹਨ। ਪਰ ਉਨ੍ਹਾਂ ਆਖਿਆ ਕਿ ਕੋਵਿਡ-19 ਲਈ ਕੀਤੇ ਗਏ ਉਨ੍ਹਾਂ ਦੇ ਟੈਸਟ ਅਜੇ ਤੱਕ ਨੈਗੇਟਿਵ ਆਏ ਹਨ।

ਟਰੂਡੋ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਹ ਫੈਡਰਲ ਅਪਡੇਟ ਦੂਰ ਦਰਾਜ਼ ਤੋਂ ਇਸ ਲਈ ਕੀਤੀ ਜਾ ਰਹੀ ਹੈ ਤਾਂ ਕਿ ਪਬਲਿਕ ਹੈਲਥ ਗਾਈਡਲਾਈਨਜ਼ ਦਾ ਪਾਲਣ ਕੀਤਾ ਜਾ ਸਕੇ।ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਸਟਾਫ ਵੱਲੋਂ ਵੀ ਪਬਲਿਕ ਹੈਲਥ ਗਾਈਡਲਾਈਨਜ਼ ਦੀ ਪਾਲਣਾ ਕੀਤੀ ਜਾ ਰਹੀ ਹੈ।ਉਨ੍ਹਾਂ ਆਖਿਆ ਕਿ ਉਹ ਖੁਦ ਆਪਣੇ ਲੱਛਣਾਂ ਦੀ ਨਿਗਰਾਨੀ ਕਰ ਰਹੇ ਹਨ ਤੇ ਨਿਯਮਿਤ ਤੌਰ ਉੱਤੇ ਟੈਸਟ ਕਰਵਾ ਰਹੇ ਹਨ। ਪਰ ਅਜੇ ਤੱਕ ਉਨ੍ਹਾਂ ਨੂੰ ਸੈਲਫ ਆਈਸੋਲੇਟ ਕਰਨ ਦੀ ਲੋੜ ਨਹੀਂ ਪਈ।

ਇਸ ਤੋਂ ਪਹਿਲਾਂ ਮਾਰਚ 2020 ਵਿੱਚ ਆਪਣੀ ਪਤਨੀ ਸਫੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਵੀ ਟਰੂਡੋ ਨੇ ਰੀਡੋ ਕਾਟੇਜ ਵਿੱਚ ਸੈਲਫ ਆਈਸੋਲੇਸ਼ਨ ਵਿੱਚ ਕਈ ਹਫਤੇ ਬਿਤਾਏ ਸਨ।






## ਅੱਜ ਨਾਮਾ >>

ਆ ਗਈ ਲਾਗੇ ਜਦ ਚੋਣ ਅਸੈਂਬਲੀ ਦੀ,
ਫਿਕਰਾਂ ਵਿੱਚ ਫਿਰ ਰਾਜ ਦੇ ਲੋਕ ਬੇਲੀ।
ਆਈ ਖਬਰ ਲੁਧਿਆਣੇ ਤੋਂ ਮੰਦ-ਭਾਗੀ,
ਚੱਲਿਆ ਬੰਬ ਤਾਂ ਵਰਿਤਆ ਸ਼ੋਕ ਬੇਲੀ।
ਮਰ ਗਏ ਦੋ ਹਨ ਬੰਬ ਦੀ ਮਾਰ ਕਾਰਨ,
ਚੌਕਸੀ ਸਕੀ ਧਮਾਕਾ ਨਹੀਂ ਰੋਕ ਬੇਲੀ।
ਮੌਕਾ ਵੇਖਣ ਹਨ ਚੱਲ ਪਏ ਸਭ ਲੀਡਰ,
ਸਕਦਾ ਕੋਈ ਨਹੀਂ ਉਨ੍ਹਾਂ ਨੂੰ ਟੋਕ ਬੇਲੀ।
ਜਿਹੜਾ ਗਿਆ ਫਿਰ ਬੋਲਿਆ ਵੇਖ ਮੌਕਾ,
ਮਿਲਦੀ ਆਪਸ ਦੇ ਵਿੱਚ ਨਾ ਤਾਨ ਬੇਲੀ।
ਬਿਆਨਾਂ ਵਿੱਚੋਂ ਵੀ ਝਲਕਦੀ ਰਾਜਨੀਤੀ,
ਜਾਂ ਫਿਰ ਬੜ੍ਹਕਾਂ ਦੇ ਨਾਲ ਐਲਾਨ ਬੇਲੀ।

**ਤੀਸ ਮਾਰ ਖਾਂ**

# ਪੇਟੈਂਟ ਦਵਾਈਆਂ ਦੀਆਂ ਕੀਮਤਾਂ ਘਟਾਉਣ ਲਈ ਕੀਤੀਆਂ ਸੋਧਾਂ ਨੂੰ ਲਾਗੂ ਕਰਨ ਉੱਤੇ ਲਿਬਰਲਾਂ ਨੇ ਲਾਈ ਰੋਕ





ਓਟਵਾ, 23 ਦਸੰਬਰ (ਪੋਸਟ ਬਿਊਰੋ) : ਕੈਨੇਡਾ ਵਿੱਚ ਪੇਟੈਂਟ ਕੀਤੀਆਂ ਗਈਆਂ ਦਵਾਈਆਂ ਦੀਆਂ ਕੀਮਤ ਘਟਾਉਣ ਲਈ ਤਿਆਰ ਨਵੀਆਂ ਸੋਧਾਂ ਨੂੰ ਲਾਗੂ ਕਰਨ ਉੱਤੇ ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਛੇ ਮਹੀਨੇ ਲਈ ਰੋਕ ਲਾ ਦਿੱਤੀ ਹੈ।

ਹੈਲਥ ਕੈਨੇਡਾ ਨੇ 2019 ਵਿੱਚ ਪਹਿਲੀ ਵਾਰੀ ਇਹ ਐਲਾਨ ਕੀਤਾ ਸੀ ਕਿ ਪੇਟੈਂਟਿਡ ਮੈਡੀਸਿਨ ਪ੍ਰਾਈਸਿਜ਼ ਰਵਿਊ ਬੋਰਡ (ਪੀਐਮਪੀਆਰਬੀ) ਲੋੜੋਂ ਵੱਧ ਮਹਿੰਗੀਆਂ ਦਵਾਈਆਂ ਦੀ ਕੀਮਤ ਘਟਾਉਣ ਲਈ ਉਸ ਰੁਝਾਨ ਨੂੰ ਹੀ ਬਦਲ ਦੇਵੇਗਾ ਜਿਸ ਰਾਹੀਂ ਕੀਮਤਾਂ ਤੈਅ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਤਬਦੀਲੀਆਂ ਨੂੰ ਲਾਗੂ ਕਰਨ ਵਿੱਚ ਇਹ ਦੇਰ ਚੌਥੀ ਵਾਰੀ ਕੀਤੀ ਗਈ ਹੈ। ਇਹ ਤਬਦੀਲੀਆਂ ਜਨਵਰੀ ਦੇ ਸ਼ੁਰੂ ਵਿੱਚ ਲਾਗੂ ਹੋਣੀਆਂ ਚਾਹੀਦੀਆਂ ਸਨ ਪਰ ਇਨ੍ਹਾਂ ਨੂੰ ਪਹਿਲੀ ਜੁਲਾਈ, 2022 ਤੱਕ ਪਿੱਛੇ ਧੱਕ ਦਿੱਤਾ ਗਿਆ ਹੈ।

ਡਕਲਸ ਨੇ ਆਖਿਆ ਕਿ ਇਸ ਨਵੇਂ ਕਦਮ ਨਾਲ ਇੰਡਸਟਰੀ, ਸਰਕਾਰ ਤੇ ਡਰੱਗ ਵੰਡਣ ਵਾਲੇ ਸਿਸਟਮ ਵਿਚਲੇ ਹੋਰਨਾਂ ਖਿਡਾਰੀਆਂ ਨੂੰ ਮਹਾਂਮਾਰੀ ਨਾਲ ਲੜਨ ਉੱਤੇ ਧਿਆਨ ਕੇਂਦਰਿਤ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਆਖਿਆ ਕਿ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ ਲਈ ਪੂਰੀ ਤਿਆਰੀ ਤੇ ਸਲਾਹ ਮਸ਼ਵਰੇ ਦੀ ਲੋੜ ਹੈ। ਹੈਲਥ ਕੈਨੇਡਾ ਨੂੰ ਉਮੀਦ ਹੈ ਕਿ ਇਨ੍ਹਾਂ ਸੁਧਾਰਾਂ ਨਾਲ ਪੇਟੈਂਟਿਡ ਦਵਾਈਆਂ ਉੱਤੇ ਕੈਨੇਡੀਅਨਜ਼ ਦੇ ਕਈ ਬਿਲੀਅਨ ਡਾਲਰ ਬਚ ਜਾਣਗੇ।

# ਲੁਧਿਆਣਾ ਦੀ ਅਦਾਲਤ ਵਿੱਚ ਬੰਬ ਧਮਾਕਾ, ਇੱਕ ਵਿਅਕਤੀ ਦੀ ਮੌਤ, ਦੋ ਜ਼ਖਮੀ

ਲੁਧਿਆਣਾ, 23 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਇਸ ਸਭ ਤੋਂ ਵੱਡੇ ਸ਼ਹਿਰ ਦੀ ਜ਼ਿਲਾ ਅਦਾਲਤ ਵਿਚ ਧਮਾਕਾ ਧਮਾਕਾ ਹੋਣ ਨਾਲ ਅੱਜਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਜਣੇ ਜ਼ਖ਼ਮੀ ਹੋਏ ਹਨ। ਇਹ ਧਮਾਕਾ ਕੋਰਟ ਕੰਪਲੈਕਸ ਦੀ ਪੁਰਾਣੀ ਬਿਲਡਿੰਗ ਦੇ ਬਾਥਰੂਮ ਵਿੱਚ ਹੋਇਆ, ਜਿਸ ਮਗਰੋਂ ਕੰਪਲੈਕਸ ਵਿੱਚ ਭਗਦੜ ਮੱਚ ਗਈ।



ਮਿਲੀ ਜਾਣਕਾਰੀ ਮੁਤਾਬਕ ਅੱਜ ਵੀਰਵਾਰ ਲੁਧਿਆਣਾ ਅਦਾਲਤਵਿੱਚ ਜ਼ੋਰਦਾਰ ਧਮਾਕਾ ਹੋਇਆ, ਜਿਸਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਲੋਕ ਜ਼ਖਮੀ ਹੋ ਗਏ। ਇਹ ਧਮਾਕਾ ਲੁਧਿਆਣਾ ਜ਼ਿਲਾ ਅਦਾਲਤੀ ਕੰਪਲੈਕਸ ਦੀ ਦੂਸਰੀ ਮੰਜ਼ਲ ਉੱਤੇ ਹੋਇਆ, ਜਿਸ ਦੀ ਸੂਚਨਾ ਮਿਲਦੇ ਸਾਰ ਪੁਲਿਸ ਜਾ ਪਹੁੰਚੀ। ਇਹ ਉੱਚ ਤੀਬਰਤਾ ਵਾਲਾ ਧਮਾਕਾ ਇਸ ਕਚਹਿਰੀ ਵਿੱਚ ਰੀਡਰਾਂ ਦੇ ਕਮਰਿਆਂ ਨੇੜੇ ਇੱਕ ਵਾਸ਼ਰੂਮ ਵਿੱਚ ਹੋਇਆ ਹੈ। ਪੁਲਿਸ ਅਧਿਕਾਰੀਆਂ ਦੇ ਦੱਸਣ ਮੁਤਾਬਕ ਧਮਾਕਾ ਹੋਣ ਸਮੇਂ ਅਦਾਲਤ ਦੇ ਅਹਾਤੇਵਿਚ ਕਾਫੀ ਲੋਕ ਮੌਜੂਦ ਸਨ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਹੇਠਲੀਆਂ ਮੰਜ਼ਲਾਂ ਦੇ ਸ਼ੀਸ਼ੇ ਟੁੱਟ ਗਏ। ਇਹ ਧਮਾਕਾ ਕਿਸ ਨੇ ਤੇ ਕਿਸ ਇਰਾਦੇ ਨਾਲ ਕੀਤਾ, ਇਹ ਜਾਂਚ ਤੋਂ ਬਾਅਦ ਪਤਾ ਲੱਗੇਗਾ।ਅਗਲੇ ਮਹੀਨਿਆਂ ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣੀ ਕਰ ਕੇ ਅਜਿਹੇ ਸਮੇਂ ਵਿੱਚ ਅਦਾਲਤੀ ਕੰਪਲੈਕਸਵਿਚ ਅਜਿਹਾ ਧਮਾਕਾ ਹਰ ਕਿਸੇ ਲਈ ਚਿੰਤਾ ਪੈਦਾ ਕਰਨ ਵਾਲਾ ਹੈ।

# ਮੁੱਖ ਮੰਤਰੀ ਚੰਨੀ ਨੇ ਕਿਹਾ: ਪੰਜਾਬੀਆਂ ਨੂੰ ਡਰਾ ਕੇ ਵੋਟਾਂ ਭਾਲਣਦੇ ਚਾਹਵਾਨਾਂ ਦਾ ਜਲਦੀ ਖ਼ੁਲਾਸਾ ਹੋਵੇਗਾ

ਲੁਧਿਆਣਾ, 23 ਦਸੰਬਰ, (ਪੋਸਟ ਬਿਊਰੋ)- ਉਦਯੋਗਾਂ ਪੱਖੋਂ ਪੰਜਾਬ ਦਾ ਮਾਨਚੈਸਟਰ ਕਹੇ ਜਾਂਦੇ ਲੁਧਿਆਣਾ ਸ਼ਹਿਰ ਦੀ ਜ਼ਿਲਾ ਕਚਹਿਰੀਵਿੱਚ ਹੋਏ ਵੱਡੇ ਧਮਾਕੇ ਤੋਂ ਬਾਅਦ ਜਾਇਜ਼ਾ ਲੈਣ ਪਹੁੰਚੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਇਹ ਬਹੁਤ ਮੰਦਭਾਗੀ ਘਟਨਾ ਹੈ, ਪਰ ਇਸ ਤਰ੍ਹਾਂ ਦੇ ਧਮਾਕੇ ਕਰਵਾ ਕੇ ਅਤੇ ਪੰਜਾਬੀਆਂ ਨੂੰ ਡਰਾ ਕੇ ਵੋਟਾਂ ਲੈਣ ਦੀ ਇੱਛਾ ਰੱਖਣ ਵਾਲੀਆਂ ਧਿਰਾਂ ਦਾ ਬਹੁਤ ਜਲਦੀ ਖੁਲਾਸਾ ਕੀਤਾ ਜਾਵੇਗਾ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬਵਿੱਚ ਅਮਨ ਕਾਨੂੰਨ ਦੀ ਵਿਵਸਥਾ ਕਿਸੇ ਹਾਲਤਭੰਗ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬਵਿੱਚ ਅਰਾਜਕਤਾ ਫੈਲਾਉਣ ਦੀ ਕੋਸ਼ਿਸ਼ ਹੋ ਰਹੀ ਹੈ ਅਤੇ ਇਸ ਪਿੱਛੇ ਕਿਹੜੀਆਂ ਏਜੰਸੀਆਂ ਜਾਂ ਕਿਹੜਾ ਗੈਂਗ ਹੈ, ਉਸ ਦੀ ਜਾਂਚ ਬਹੁਤ ਜਲਦੀ ਕਿਸੇ ਨਤੀਜੇ ਉੱਤੇ ਪਹੁੰਚ ਜਾਵੇਗੀ।ਉਨ੍ਹਾ ਨੇ ਕਿਹਾ ਕਿ ਕੋਈ ਆਪਣੇ ਆਪ ਨੂੰ ਬਚਾਉਣ ਲਈ ਇਹ ਸਭ ਕੁਝ ਕਰ ਰਿਹਾ ਹੈ ਅਤੇ ਸਾਡੀਆਂ

*** ਬੀਬੀ ਬਾਦਲ ਨੇ ਕਿਹਾ: ਧਮਾਕੇ ਦਾ ਸਿਆਸੀ ਲਾਭ ਲੈਣ ਦੇ ਯਤਨ ਨਾ ਕਰੋ**

ਏਜੰਸੀਆਂ ਸਭ ਕੁਝ ਸਾਫ਼ ਕਰ ਦੇਣਗੀਆਂ ਅਤੇ ਪੰਜਾਬ ਦੀ ਅਮਨ ਸ਼ਾਂਤੀ ਕਿਸੇ ਵੀ ਹਾਲਤਭੰਗ ਨਹੀਂ ਹੋਣ ਦਿੱਤੀ ਜਾਵੇਗੀ।

ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਈ ਬੇਅਦਬੀ ਦੀ ਘਟਨਾ ਦੀ ਦੋ ਦਿਨਾਂਵਿਚ ਜਾਂਚ ਮੁਕੰਮਲ ਕਰਨ ਦੇ ਸਵਾਲ ਉੱਤੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਵੀ ਇੱਕ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਬਣਾ ਲਈ ਤੇ ਆਪ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਅਸੀਂ ਕਿਸੇ ਤਰ੍ਹਾਂ ਧਰਮਵਿੱਚ ਦਖਲਨਹੀਂ ਦੇਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਜਾਂਚ ਕਮੇਟੀ ਦੀ ਰਿਪੋਰਟ ਆਉਣ ਮਗਰੋਂ ਉਹ ਸਰਕਾਰੀ ਕਾਰਵਾਈ ਕਰਨਗੇ, ਪਰ ਪੰਜਾਬ ਨੂੰ ਸੁਰੱਖਿਅਤ ਸੂਬੇ ਵਜੋਂ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਇਸ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਹਲਕਾ ਬੱਸੀ ਪਠਾਣਾਂ ਦੇ ਵਿਧਾਇਕ ਗੁਰਪ੍ਰੀਤ ਸਿੰਘ ਜੀ ਪੀ ਦੇ ਦਫ਼ਤਰ ਦਾ ਉਦਘਾਟਨ ਕਰਨ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿਲੁਧਿਆਣਾਵਿਚ ਧਮਾਕਾ ਕਰਵਾ ਕੇ ਕੋਈ ਤਾਕਤਸਾਡੀ ਭਾਈਚਾਰਕ ਸਾਂਝ ਤੋੜ ਨਹੀਂ ਸਕਦੀ, ਇਹ ਕਿਸੇ ਵਿਸ਼ੇਸ਼ ਭਾਈਚਾਰੇਵਿੱਚ ਡਰ ਤੇ ਸਹਿਮ ਦਾ ਮਾਹੌਲ ਪੈਦਾ ਕਰਨ ਦੇ ਯਤਨ ਹਨ, ਪਰ ਪੰਜਾਬ ਦੇ ਲੋਕ ਇਨ੍ਹਾਂ ਤਾਕਤਾਂ ਦੇ ਇਰਾਦੇ ਕਾਮਯਾਬ ਨਹੀਂ ਹੋਣ ਦੇਣਗੇ।ਉਨ੍ਹਾਂ ਕਿਹਾ ਕਿ ਜਿਹੜੇ ਲੋਕ ਆਪਣੀ ਜਾਨ ਬਚਾਉਣ ਲਈ ਪੰਜਾਬ ਦੇ ਹੱਕ ਫਿਰਕੂ ਤਾਕਤਾਂ ਨੂੰ ਦਿੰਦੇ ਰਹੇ ਹਨ, ਉਹਅੱਜ ਵੋਟਾਂ ਮੌਖੇਗੰਦੀ ਸਿਆਸਤ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਸਾਹਿਬ ਦੀ ਬੇਅਦਬੀ ਕਰਨ ਦਾ ਯਤਨ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਜਿਹੇ ਧਮਾਕਿਆਂ ਦੇ ਹੋਣ ਨਾਲ ਸ਼ੱਕ ਦੇ ਘੇਰੇ ਵਿੱਚ ਵੱਡੀਆਂ ਏਜੰਸੀਆਂ ਵੀ ਆਉਂਦੀਆਂ ਹਨ, ਜੋ ਇੱਕ ਖਾਸ ਫਿਰਕੇ ਨੂੰ ਵੰਡਣ ਦੇ ਯਤਨ ਕਰ ਰਹੀਆਂ ਹਨ। ਅੱਜ ਦੇ ਬੰਬ ਧਮਾਕੇ ਪਿੱਛੋਂਲੁਧਿਆਣਾ ਦੇ ਦੌਰੇ ਮੌਕੇ ਪੰਜਾਬ ਦੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਪਿੱਛੇ ਬਾਹਰੀ ਤਾਕਤਾਂ ਦਾ ਹੱਥ ਹੋ ਸਕਦਾ ਹੈ, ਕਿਉਂਕਿ ਉਹ ਨਹੀਂ ਚਾਹੁੰਦੀਆਂ ਕਿ ਪੰਜਾਬ ਸਥਿਰ ਰਹੇ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬਵਿੱਚ ਹਾਈ ਅਲਰਟ ਜਾਰੀ ਕਰ ਦਿੱਤਾ ਹੈ।

ਦੂਸਰੇ ਪਾਸੇ ਸਾਬਕਾ ਕੇਂਦਰੀ ਮੰਤਰੀ ਤੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਨਿਸ਼ਾਨਾ ਬਣਾ ਕੇ ਅੱਜ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤੀ ਪੋਸਟਲੁਧਿਆਣਾ ਦੀ ਕਚਹਿਰੀ ਵਿਖੇ ਹੋਏ ਬੰਬ ਧਮਾਕੇ ਉੱਤੇ ਰੋਸ ਜ਼ਾਹਿਰ ਕੀਤਾ ਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਪਾਰਟੀ ਉੱਤੇ ਲਾਏ ਜਾਂਦੇ ਝੂਠੇ ਦੋਸ਼ਾਂ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇੰਨੇ ਹੇਠਲੇ ਪੱਧਰ ਉੱਤੇ ਡਿਗ ਚੁੱਕੀ ਕਿ ਸਿਆਸੀ ਲਾਹਾ ਲੈਣ ਲਈ ਦੂਸਰੀਆਂ ਪਾਰਟੀਆਂ ਉੱਤੇ ਦੋਸ਼ ਲਾ ਰਹੀ ਹੈ।


NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1




MacroGlobal
Immigration Services Ltd.
iccrc
IMMIGRATION CONSULTANTS OF CANADA REGULATORY COUNCIL
crcic
CONSEIL DE RÉGLEMENTATION DES CONSULTANTS EN IMMIGRATION DU CANADA

Seema Bhayana
Ph: 905 452 0000, 905 452 9999
Address: 180 Wilkinson Road, Unit 18, Brampton, ON L6T 4M3
Fax: 905-452-9996,
Email: macroglobal@rogers.com
Website: www.macroimmigration.com





# ਸੰਪਾਦਕੀ

## ਕੈਨੇਡਾ ਵਿੱਚ ਫੈਡਰਲ ਜੌਬਾਂ - ਸੁਫਨਿਆਂ ਦੇ ਝੜਦੇ ਖੰਭ

ਬੇਸ਼ੱਕ ਕਾਰਪੋਰੇਟ ਘਰਾਣਿਆਂ ਵਿੱਚ ਉਪਲਬਧ ਉੱਚ ਅਹੁਦਿਆਂ ਨਾਲ ਜੁੜੀਆਂ ਤਨਖਾਹਾਂ, ਭੱਤੇ ਅਤੇ ਸਹੂਲਤਾਂ ਬਹੁਤ ਹੀ ਲੁਭਾਵਣੀਆਂ ਹੁੰਦੀਆਂ ਹਨ ਪਰ ਬਹੁ ਗਿਣਤੀ ਮੱਧ ਵਰਗੀ ਕੈਨੇਡੀਅਨਾਂ ਲਈ ਫੈਡਰਲ ਸਰਕਾਰੀ ਜੌਬ ਪ੍ਰਾਪਤ ਕਰਨਾ ਕਿਸੇ ਸੁਫਨੇ ਤੋਂ ਘੱਟ ਗੱਲ ਨਹੀਂ ਹੁੰਦੀ। ਫੈਡਰਲ ਸਰਕਾਰੀ ਜੌਬ ਦਾ ਸੁਫ਼ਨਾ ਇੰਮੀਗਰਾਂਟਾਂ ਲਈ ਖਾਸ ਕਰਕੇ ਹੋਰ ਵੀ ਦਿਲਕਸ਼ ਹੁੰਦਾ ਹੈ। ਪਰ ਇਹ ਸੁਫ਼ਨਾ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਭਰਤੀ ਕਰਨ ਦੀ ਪ੍ਰਕਿਰਿਆ ਨਿਰੱਪਖ ਅਤੇ ਮੈਰਿਟ ਦੇ ਆਧਾਰ ਉੱਤੇ ਹੋਵੇ। ਬੀਤੇ ਦਿਨੀਂ ਪਬਲਿਕ ਸਰਵਿਸ ਕਮਿਸ਼ਨ ਨੇ ਆਪਣੀ ਸਾਲਾਨਾ ਰਿਪੋਰਟ ਪਾਰਲੀਮੈਂਟ ਵਿੱਚ ਪੇਸ਼ ਕੀਤੀ ਜਿਸ ਦੇ ਅੰਕੜੇ ਦੱਸਦੇ ਹਨ ਕਿ ਸਾਲ 2020 ਵਿੱਚ ਜਿਹੜੀਆਂ ਜੌਬਾਂ, ਤਰੱਕੀਆਂ ਅਤੇ ਐਕਟਿੰਗ ਨਿਯੁਕਤੀਆਂ ਬਾਹਰਲੇ ਉਮੀਦਵਾਰਾਂ ਰਾਹੀਂ ਕੀਤੀਆਂ ਜਾਣੀਆਂ ਸਨ, ਉਹਨਾਂ ਦਾ 60% ਬਿਨਾ ਇਸ਼ਿਹਿਤਾਰ ਦਿੱਤੇ ਸੀਨੀਅਰ ਮੈਨੇਜਰਾਂ ਨੇ ਅੰਦਰਖਾਤੇ ਹੀ ਪੂਰਾ ਕਰ ਲਿਆ। ਬਹੁ-ਗਿਣਤੀ ਜੌਬਾਂ ਲਈ ਇਸ਼ਿਹਿਤਾਰ ਦਿੱਤੇ ਹੀ ਨਹੀਂ ਗਏ।

ਕਿਸ ਮਹਿਕਮੇ ਵਿੱਚ ਕਿਸ ਪੱਧਰ ਉੱਤੇ ਅਜਿਹੀਆਂ ਭਰਤੀਆਂ ਦੀ ਕਿਹੋ ਜਿਹੀ ਪ੍ਰਤੀਸ਼ਤਤਾ ਰਹੀ, ਇਸ ਬਾਰੇ ਅੰਕੜੇ ਉਪਲਬਧ ਨਹੀਂ ਹਨ। ਹਾਂ ਪਰ 2018 ਵਿੱਚ ਕਮਿਸ਼ਨ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਦੇ ਨਤੀਜੇ ਦਿਲਚਸਪ ਹਨ। ਇਸ ਸਰਵੇਖਣ ਵਿੱਚ 1 ਲੱਖ 1 ਹਜ਼ਾਰ 982 ਫੈਡਰਲ ਮੁਲਾਜ਼ਮਾਂ ਨੇ ਹਿੱਸਾ ਲਿਆ ਅਤੇ ਬਹੁ ਗਿਣਤੀ ਨੇ ਕਿਹਾ ਕਿ ਸਾਡੇ ਆਲੇ ਦੁਆਲੇ 'ਭਾਈ ਭਤੀਜਾਵਾਦ' ਦਾ ਰੰਗ ਤਮਾਸ਼ਾ ਆਮ ਨਜ਼ਰ ਆਉਂਦਾ ਹੈ। ਸਿਰਫ਼ 16% ਮੁਲਾਜ਼ਮਾਂ ਨੇ ਕਿਹਾ ਕਿ ਜੋ ਕਰਮਚਾਰੀ ਉਹਨਾਂ ਨਾਲ ਕੰਮ ਕਰਦੇ ਹਨ, ਉਹਨਾਂ ਕੋਲ ਜੌਬ ਕਰਨ ਲਈ ਲੋੜੀਂਦੇ ਹੁਨਰ ਅਤੇ ਸਮਰੱਥਾ ਦੇ ਮਾਲਕ ਹਨ। ਭਾਵ ਜ਼ਿਆਦਾ ਕਰਕੇ ਮੁਲਾਜ਼ਮਾਂ ਦੇ ਹੁਨਰਾਂ ਦਾ ਪੱਧਰ ਗੋਲਮਾਲ ਹੀ ਹੈ।

ਭਾਈ ਭਤੀਜਾਵਾਦ ਦੀਆਂ ਜੇ ਮਿਸਾਲਾਂ ਵੇਖਣੀਆਂ ਹੋਣ ਤਾਂ ਇੰਮੀਗਰੇਸ਼ਨ ਰਿਫਿਊਜੀ ਬੋਰਡ ਨੂੰ ਬੀਤੇ ਸਮੇਂ ਵਿੱਚ ਇੱਕ ਡਾਇਰੈਕਟਰ ਨੂੰ ਇਸ ਲਈ ਫਾਇਰ ਕਰਨਾ ਪਿਆ ਸੀ ਕਿਉਂਕਿ ਉਸਨੇ ਆਪਣੇ ਬੇਟੇ ਅਤੇ ਘਰ ਸਫਾਈ ਕਰਨ ਵਾਲੀ ਔਰਤ ਨੂੰ ਆਪਣੇ ਹੀ ਵਿਭਾਗ ਵਿੱਚ ਰੱਖ ਲਿਆ ਸੀ। ਇੰਪਲਾਇਮੈਂਟ ਵਿਭਾਗ ਦੇ ਇੱਕ ਮੈਨੇਜਰ ਨੇ ਬਿਨਾ ਇਸ਼ਿਹਿਤਾਰ ਜਾਰੀ ਕੀਤੇ ਆਪਣੀ ਬੇਟੀ ਨੂੰ ਨੌਕਰੀ ਉੱਤੇ ਰੱਖ ਲਿਆ ਸੀ ਅਤੇ ਜਦੋਂ ਫੜਿਆ ਗਿਆ ਤਾਂ ਸਾਫ਼ ਮੁੱਕਰ ਗਿਆ ਕਿ ਨਿਯੁਕਤ ਕੀਤੀ ਔਰਤ ਉਸਦੀ ਬੇਟੀ ਹੈ। ਇਹ ਮਿਸਾਲਾਂ ਉਸ ਕਾਰਣਾਂ ਨੂੰ ਸੱਚ ਸਿੱਧ ਕਰਦੀਆਂ ਹਨ ਕਿ ਕਿਵੇਂ 2017-18 ਵਿੱਚ ਸੀਨੀਅਰ ਐਗਜ਼ੈਕਟਿਵ ਪੁਜ਼ੀਸ਼ਨਾਂ ਲਈ 55% ਨਿਯੁਕਤੀਆਂ 'ਅੰਨਾਂ ਵੰਡੇ ਸ਼ੀਰਨੀ ਮੁੜ ਆਪਣਿਆਂ ਨੂੰ' ਦੀ ਪ੍ਰਕਿਰਿਆ ਰਾਹੀਂ ਭਰੀਆਂ ਗਈਆਂ।

ਮਜ਼ੇਦਾਰ ਗੱਲ ਇਹ ਕਿ 2016 ਵਿੱਚ ਫੈਡਰਲ ਸਰਕਾਰ ਨੇ ਇੱਕ ਨਵੇਂ ਫਰੇਮਵਰਕ ਨੂੰ ਲਾਗੂ ਕਰਨ ਦਾ ਬੀੜਾ ਚੁੱਕਿਆ ਸੀ ਜਿਸ ਤਹਿਤ ਸਰਕਾਰੀ ਨੌਕਰੀਆਂ ਲਈ ਨਿਯੁਕਤੀਆਂ ਨੂੰ ਹੋਰ ਨਿਰਪੱਖ ਬਣਾਉਣਾ ਸੰਭਵ ਕਰਨਾ ਸੀ। ਹੋਇਆ ਉਸਤੋਂ ਉਲਟ ਕਿ ਇਸ਼ਿਹਿਤਾਰ ਕੱਢ ਕੇ ਪਬਲਿਕ ਨੂੰ ਨੌਕਰੀਆਂ ਲਈ ਅਰਜ਼ੀ ਪੱਤਰ ਦੇਣ ਦੀ ਪ੍ਰਥਾ ਨੂੰ ਬੈਕ-ਗੇਅਰ ਲਾ ਦਿੱਤਾ ਗਿਆ। ਡਿਪਟੀ ਮੁਖੀਆਂ ਨੂੰ ਅਧਿਕਾਰ ਦੇ ਦਿੱਤੇ ਗਏ ਕਿ ਉਹ ਖੁਦ ਹੀ ਫੈਸਲਾ ਕਰ ਲੈਣ ਕਿ ਕਿਸ ਜੌਬ ਲਈ ਇਸ਼ਿਤਿਹਾਰ ਦੇਣੇ ਹਨ ਅਤੇ ਕਿਸ ਲਈ ਨਹੀਂ। ਇਹ ਦਿਸ਼ਾ ਨਿਰਦੇਸ਼ ਪਬਲਿਕ ਸਰਵਿਸ ਇੰਪਲਾਇਮੈਂਟ ਐਕਟ ਦੇ ਵਿਰੁੱਧ ਕਹੇ ਜਾ ਸਕਦੇ ਹਨ ਜੋ ਇਸ ਗੱਲ ਨੂੰ ਲਾਜ਼ਮੀ ਬਣਾਉਂਦਾ ਹੈ ਕਿ ਫੈਡਰਲ ਨੌਕਰੀਆਂ ਮੈਰਿਟ ਦੇ ਆਧਾਰ ਉੱਤੇ ਦਿੱਤੀਆਂ ਜਾਣ। ਬਾਹਰ ਤੋਂ ਉਮੀਦਵਾਰਾਂ ਨੂੰ ਭਰਤੀ ਕਰਨ ਦਾ ਤਾਣਾਬਾਣਾ ਐਨਾ ਗੁੰਝਲਦਾਰ ਹੋ ਚੁੱਕਾ ਹੈ ਕਿ ਜੇ ਇੱਕ ਨੌਕਰੀ ਲਈ ਅੱਜ ਇਸ਼ਿਤਿਹਾਰ ਕੱਢਿਆ ਜਾਂਦਾ ਹੈ ਤਾਂ ਉਸ ਜੌਬ ਲਈ ਉਮੀਦਵਾਰ ਦੇ ਜੁਆਇਨ ਕਰਨ ਨੂੰ 197 ਦਿਨ ਲੱਗ ਜਾਂਦੇ ਹਨ। ਉਦੋਂ ਤੱਕ ਹੋਣਹਾਰ ਉਮੀਦਵਾਰ ਕਿਧਰੇ ਕਾਰਪੋਰੇਟ ਸੰਸਾਰ ਵਿੱਚ ਜਾ ਚੁੱਕੇ ਹੋਣਗੇ ਅਤੇ ਸਰਕਾਰ ਕੋਲ ਰਹਿ ਜਾਂਦਾ ਹੈ ਘਸਿਆ ਪੁਰਾਣਾ ਮਾਲ - ਆਪਣੇ ਸਕੇ ਸਬੰਧੀਆਂ ਨੂੰ ਖੁਸ਼ ਕਰਨ ਵਾਲਾ।

ਕਈ ਵਾਰ ਇੰਮੀਗਰਾਂਟਾਂ ਨੂੰ ਬੜੀਆਂ ਸ਼ਿਕਾਇਤਾਂ ਹੁੰਦੀਆਂ ਹਨ ਕਿ ਉਹ ਆਪਣੇ ਪਿਛਲੇ ਮੁਲਕਾਂ ਵਿੱਚ ਭਾਈ-ਭਤੀਜਾਵਾਦ ਤੋਂ ਦੁਖੀ ਹੋ ਕੇ ਆਏ ਹਨ। ਜੁਲਾਈ 2021 ਵਿੱਚ ਫੈਡਰਲ ਸਰਕਾਰ ਨੇ ਇੱਕ ਐਕਟ ਪਾਸ ਕੀਤਾ ਸੀ ਜਿਸਦਾ ਮਨੋਰਥ ਫੈਡਰਲ ਜੌਬਾਂ ਵਿੱਚ ਪਾਈ ਜਾਂਦੀ ਨਸਲਵਾਦ ਅਤੇ ਸਾਧਾਰਨ ਕੈਨੇਡੀਅਨ ਨੂੰ ਜੌਬਾਂ ਹਾਸਲ ਦੂਰ ਕਰਨ ਵਿੱਚ ਆਉਂਦੀਆਂ ਔਕੜਾਂ ਨੂੰ ਦੂਰ ਕਰਨਾ ਹੈ। ਇਸ ਐਕਟ ਮੁਤਾ-ਬਕ ਕੈਨੇਡੀਅਨ ਪਰਮਾਨੈਂਟ ਰੈਜ਼ੀਡੈਂਟਾਂ ਨੂੰ ਫੈਡਰਲ ਨੌਕਰੀਆਂ ਪ੍ਰਾਪਤ ਕਰਨ ਲਈ ਕੈਨੇਡੀਅਨ ਸਿਟੀਜ਼ਨਾਂ ਦੇ ਬਰਾਬਰ ਮੰਨਿਆ ਜਾਵੇਗਾ। ਸੁਆਲ ਹੈ ਕਿ ਇੰਮੀਗਰਾਂਟ ਇਸ ਐਕਟ ਦੀ ਕਾਪੀ ਦਾ ਕੀ ਕਰਨਗੇ ਜਦੋਂ ਤੱਕ ਉਹਨਾਂ ਦਾ ਕੋਈ ਚਾਚਾ-ਤਾਇਆ ਫੈਡਰਲ ਸਰਕਾਰ ਵਿੱਚ ਸੀਨੀਅਰ ਪੁਜ਼ੀਸ਼ਨ ਉੱਤੇ ਨਹੀਂ ਹੋਵੇਗਾ?

# 25 ਤੋਂ 27 ਦਸੰਬਰ ਤੱਕ ਸਿਟੀ ਆਫ ਟੋਰਾਂਟੋ ਨੇ ਬੁੱਕ ਕੀਤੀਆਂ 6000 ਪਲੱਸ ਕੋਵਿਡ ਵੈਕਸੀਨ ਅਪੁਆਇੰਟਮੈਂਟਸ

ਟੋਰਾਂਟੋ, 23 ਦਸੰਬਰ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਨੇ ਮੰਗਲਵਾਰ ਨੂੰ ਆਪਣੇ ਓਨਟਾਰੀਓ ਬੁਕਿੰਗ ਪੋਰਟਲ ਵਿੱਚ 6000 ਕੋਵਿਡ-19 ਵੈਕਸੀਨੇਸ਼ਨ ਤੋਂ ਵੱਧ ਅਪੁਆਇੰਟਮੈਂਟਸ ਬੁੱਕ ਕੀਤੀਆਂ। ਇੰਜ ਲੱਗ ਰਿਹਾ ਸੀ ਕਿ ਇਹ ਅਪੁਆਇੰਟਮੈਂਟਸ ਕੁੱਝ ਮਿੰਟਾਂ ਵਿੱਚ ਹੀ ਬੁੱਕ ਹੋਈਆਂ।

ਸਵੇਰੇ 8:00 ਵਜੇ ਤੋਂ ਸ਼ੁਰੂ ਕਰਕੇ 6662 ਨਵੀਂਆਂ ਵੈਕਸੀਨ ਅਪੁਆਇੰਟਮੈਂਟਸ ਕ੍ਰਿਸਮਸ ਡੇਅ ਤੇ 27 ਦਸੰਬਰ ਦਰਮਿਆਨ ਕਲੀਨਿਕਸ ਨੂੰ ਉਪਲਬਧ ਕਰਵਾਈਆਂ ਜਾਣਗੀਆਂ। ਅਪੁਆਇੰਟਮੈਂਟਸ ਬੁੱਕ ਕੀਤੇ ਜਾਣ ਤੋਂ ਬਾਅਦ ਕੁੱਝ ਸੋਸ਼ਲ ਮੀਡੀਆ ਯੂਜ਼ਰਜ਼ ਨੇ ਆਨਲਾਈਨ ਨੋਟ ਕੀਤਾ ਕਿ ਉਨ੍ਹਾਂ ਨੂੰ ਤਿੰਨ ਦਿਨਾਂ ਵਿੱਚ ਵੀ ਕੋਈ ਅਪੁਆਇੰਟਮੈਂਟ ਹਾਸਲ ਨਹੀਂ ਹੋਈ। ਇੱਕ ਵਿਅਕਤੀ ਨੇ ਟਵੀਟ ਕੀਤਾ ਕਿ ਸਾਰੀਆਂ ਅਪੁਆਇੰਟਮੈਂਟਸ 30 ਸੈਕਿੰਡ ਵਿੱਚ ਹੀ ਚਲੀਆਂ ਗਈਆਂ। ਮੰਗ ਹੀ ਐਨੀ ਜ਼ਿਆਦਾ ਹੈ।

ਇੱਕ ਹੋਰ ਨੇ ਲਿਖਿਆ ਕਿ ਜ਼ਿਆਦਾ ਅਪੁਆਇੰਟਮੈਂਟਸ ਹੀ ਜਾਰੀ ਨਹੀਂ ਕੀਤੀਆਂ ਗਈਆਂ। ਸਾਰੀਆਂ ਅਪੁਆਇੰਟਮੈਂਟਸ ਸਵੇਰੇ 8:10 ਤੋਂ ਪਹਿਲਾਂ ਹੀ ਬੁੱਕ ਹੋ ਗਈਆਂ। ਇਸ ਦੌਰਾਨ ਸਿਟੀ ਵੱਲੋਂ ਚਲਾਏ ਜਾਣ ਵਾਲੇ ਕਈ ਕਲੀਨਿਕਸ 25 ਤੋਂ 27 ਦਸੰਬਰ ਤੱਕ ਖੁੱਲ੍ਹੇ ਰਹਿਣਗੇ ਤੇ ਇਨ੍ਹਾਂ ਵਿੱਚ



ਪਹਿਲੀ, ਦੂਜੀ ਤੇ ਤੀਜੀ ਡੋਜ਼ ਯੋਗ ਰੈਜ਼ੀਡੈਂਟਸ ਨੂੰ ਲਾਈ ਜਾਵੇਗੀ। ਇਸ ਦੌਰਾਨ ਮੇਅਰ ਜੌਹਨ ਟੋਰੀ ਨੇ ਇੱਕ ਰਲੀਜ਼ ਵਿੱਚ ਆਖਿਆ ਕਿ ਟੀਮ ਟੋਰਾਂਟੋ ਲੋਕਾਂ ਨੂੰ ਕੋਵਿਡ-19 ਦੀ ਤੀਜੀ ਡੋਜ਼ ਦੇਣ ਲਈ ਜੰਗੀ ਪੱਧਰ ਉੱਤੇ ਰਫਤਾਰ ਫੜ੍ਹੀ ਹੋਈ ਹੈ ਤੇ ਨਵੀਆਂ ਵੈਕਸੀਨ ਅਪੁਆਇੰਟਮੈਂਟਸ ਵੀ ਤੇਜ਼ੀ ਨਾਲ ਬੁੱਕ ਕੀਤੀਆਂ ਜਾ ਰਹੀਆਂ ਹਨ। ਹੇਠਾਂ ਦਿੱਤੀਆਂ ਗਈਆਂ ਤਰੀਕਾਂ ਤੇ ਸਮੇਂ ਮੁਤਾਬਕ ਦੱਸੀਆਂ ਗਈਆਂ ਥਾਂਵਾਂ ਉੱਤੇ ਟੀਕਾਕਰਣ ਕੀਤਾ ਜਾਵੇਗਾ :

Saturday, Dec. 25
- Mitchell Field Community Centre (89 Church Ave.) – 11 a.m. to 4 p.m.
- Thorncliffe Park Community Hub (45 Overlea Blvd.) – 8:15 a.m. to 8 p.m.

Sunday, Dec. 26
- Cloverdale Mall (250 The East Mall) – 11 a.m. to 5 p.m.
- Scarborough Town Centre (300 Borough Dr.) – 11 a.m. to 5 p.m.
- Mitchell Field Community Centre (89 Church Ave.) – 11 a.m. to 5 p.m.
- Woodbine Mall (500 Rexdale Blvd.) – 11 a.m. to 5 p.m.
- Thorncliffe Park Community Hub (45 Overlea Blvd.) – 8:15 a.m. to 8 p.m.

Monday, Dec. 27
- Metro Toronto Convention Centre (255 Front St. W.) – 2 to 8 p.m.
- Cloverdale Mall (250 The East Mall) – 2 to 8 p.m.
- Scarborough Town Centre (300 Borough Dr.) – 2 to 8 p.m.
- Mitchell Field Community Centre (89 Church Ave.) – 2 to 8 p.m.
- Woodbine Mall (500 Rexdale Blvd.) – 2 to 8 p.m.
- Thorncliffe Park Community Hub (45 Overlea Blvd.) – 8:15 a.m. to 8 p.m.

# ਬ੍ਰਹਮਪੁਰਾ ਫਿਰ ਬਾਦਲ ਅਕਾਲੀ ਦਲ ਵਿੱਚ ਸ਼ਾਮਿਲ

ਚੰਡੀਗੜ੍ਹ, 23 ਦਸੰਬਰ, (ਪੋਸਟ ਬਿਊਰੋ)- ਸਾਬਕਾ ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਅੱਜ ਫਿਰ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ।ਉਨ੍ਹਾਂ ਨਾਲ ਕਰਨੈਲ ਸਿੰਘ ਪੀਰ ਮੁਹੰਮਦ, ਸਾਬਕਾ ਵਿਧਾਇਕ ਉਜਾਗਰ ਸਿੰਘ ਬਡਾਲੀ ਤੇ ਹੋਰ ਕਈ ਲੀਡਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਸ਼ਾਮਲ ਹੋਏ ਹਨ।

ਇਸ ਮੌਕੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਬਾਦਲ ਪਰਿਵਾਰ ਨਾਲ ਸਾਡੇ ਪਰਿਵਾਰਕ ਮਤਭੇਦ ਸਨ, ਉਹ ਸੁਲਝਾ ਲੈਣ ਪਿੱਛੋਂ ਅਕਾਲੀ ਦਲ ਵਿੱਚ ਵਾਪਸੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਕੋਈ ਬੰਦਾ



ਪਾਰਟੀ ਤੋਂ ਦੂਰ ਜਾਵੇ ਤਾਂ ਕਈ ਵਾਰ ਬਿਆਨਬਾਜ਼ੀ ਕਰ ਦਿੰਦਾ ਹੈ, ਸਾਡੇ ਬਿਆਨ ਵੀ ਅਜਿਹੇ ਸਨ। ਉਨ੍ਹਾਂ ਕਿਹਾ ਕਿ ਮਾਫੀਆ ਅਕਾਲੀ ਸਰਕਾਰ ਦੇ ਸਮੇਂ ਵੀ ਚੱਲਦਾ ਸੀ ਤੇ ਅੱਜ ਵੀ ਚੱਲਦਾ ਹੈ। ਅੱਜ ਸਾਡੀਆਂ ਸਾਰੀਆਂ ਪੁਰਾਣੀਆਂ ਗੱਲਾਂ ਖਤਮ ਹੋ ਗਈਆਂ ਤੇ ਅਸੀਂ ਫਿਰ ਅਕਾਲੀ ਦਲ ਨਾਲ ਆਪਣਾ ਰਿਸ਼ਤਾ ਬਣਾਉਣ ਜਾ ਰਹੇ ਹਾਂ।

ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਅਸੀਂ ਭਾਜਪਾ ਦੇ ਨਾਲ ਨਹੀਂ ਜਾ ਸਕਦੇ, ਇਸ ਲਈ ਅਕਾਲੀ ਦਲ ਨਾਲ ਖੜ੍ਹੇ ਹੋਏ ਹਾਂ। ਜਦੋਂ ਅਸੀਂ ਆਪਣੀ ਨਵੀਂ ਪਾਰਟੀ ਬਣਾਈ ਤਾਂ ਉਸ ਦਾ ਨਾਂ ਵੀ ਅਕਾਲੀ ਦਲ ਰੱਖਿਆ ਸੀ। ਇਸ ਕਰ ਕੇ ਅਸੀਂ ਕਦੇ ਵੀ ਅਕਾਲੀ ਦਲ ਤੋਂ ਵੱਖ ਨਹੀਂ ਹੋਏ।ਵਰਨਣ ਯੋਗ ਹੈ ਕਿ ਓਦੋਂ ਸੁਖਬੀਰ ਸਿੰਘ ਬਾਦਲ ਦੀ ਲਗਾਤਾਰ ਵਧ ਰਹੀ ਸਰਦਾਰੀ ਵਿਰੁੱਧ ਦੋਸ਼ ਲਾ ਕੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਅਕਾਲੀ ਦਲ ਛੱਡਿਆ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਬੱਸ ਸਮੇਤ ਕਈ ਗੱਡੀਆਂ ਆਪਸ ਵਿੱਚ ਟਕਰਾਈਆਂ, 2 ਜ਼ਖ਼ਮੀ




ਟੋਰਾਂਟੋ, 23 ਦਸੰਬਰ (ਪੋਸਟ ਬਿਊਰੋ) : ਰੌਇਲ ਯੌਰਕ ਏਰੀਆ ਵਿੱਚ ਟੀਟੀਸੀ ਬੱਸ ਸਮੇਤ ਕਈ ਗੱਡੀਆਂ ਦੀ ਹੋਈ ਟੱਕਰ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਮਹਿਲਾ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਹਾਦਸੇ ਦੀ ਖਬਰ ਸਭ ਤੋਂ ਪਹਿਲਾਂ ਮੰਗਲਵਾਰ ਰਾਤੀਂ 7:15 ਵਜੇ ਮਿਲੀ। ਇਸ ਤੋਂ ਬਾਅਦ ਉਹ ਪਾਰਕ ਲਾਅਨ ਰੋਡ ਨੇੜੇ ਗਾਰਡੀਨਰ ਐਕਸਪ੍ਰੈੱਸਵੇਅ ਪਹੁੰਚੇ। ਇਸ ਹਾਦਸੇ ਕਾਰਨ ਰੌਇਲ ਯੌਰਕ ਦੇ ਨੇੜੇ ਦੋ ਪੱਛਮ ਵਾਲੀਆਂ ਲੇਨਜ਼ ਬਲਾਕ ਹੋ ਗਈਆਂ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਮਹਿਲਾ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ।

ਇੱਕ ਹੋਰ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ ਪਰ ਉਸ ਦੇ ਲਿੰਗ ਤੇ ਉਮਰ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ। ਇਹ ਵੀ ਸਪਸ਼ਟ ਨਹੀਂ ਹੋ ਸਕਿਆ ਕਿ ਹਾਦਸੇ ਸਮੇਂ ਟੀਟੀਸੀ ਬੱਸ ਵਿੱਚ ਕੋਈ ਸਵਾਰੀਆਂ ਵੀ ਸਨ ਜਾਂ ਨਹੀਂ। ਡਰਾਈਵਰ ਦੀ ਸਥਿਤੀ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਪੰਜਾਬ ਸਰਕਾਰ ਵੱਲੋਂ ਐਲਾਨ: 1.09 ਲੱਖ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ 2 ਲੱਖ ਰੁਪਏ ਤੱਕ ਕਰਜ਼ੇ ਮੁਆਫ ਕੀਤੇ ਜਾਣਗੇ

ਚੰਡੀਗੜ੍ਹ, 23 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਰਾਜ ਦੇ 5 ਏਕੜ ਤੱਕ ਮਾਲਕੀ ਵਾਲੇ ਲਗਭਗ 1.09 ਲੱਖ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ 2 ਲੱਖ ਰੁਪਏ ਤੱਕ ਦੇ ਕਰਜ਼ਿਆਂਲਈ ਮੌਜੂਦਾ ਕਰਜ਼ਾ ਮੁਆਫੀ ਸਕੀਮ ਹੇਠ 1200 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ।

ਅੱਜ ਏਥੇ ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ ਨਾਲ ਹੋਈ ਬੈਠਕ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਨੇ ਖੇਤੀ ਅੰਦੋਲਨ ਵਿਚ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਵਿਚ 5 ਏਕੜ ਜ਼ਮੀਨ ਉੱਤੇ ਅਤਿ-ਆਧੁਨਿਕ ਯਾਦਗਾਰ ਬਣਾਉਣ ਦਾ ਐਲਾਨ ਵੀ ਕੀਤਾ ਹੈ। ਇਸ ਦੀ ਤਜਵੀਜ਼ ਪੇਸ ਕਰਦੇ ਹੋਏ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਕਿਸਾਨਾਂ ਦੇ ਅੰਦੋਲਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਮਰਪਿਤ ਇਹ ਸਮਾਰਕ ਕੇਂਦਰ ਸਰਕਾਰ ਤੋਂ ਤਿੰਨ ਖੇਤੀਬਾੜੀ ਕਾਨੂੰਨ ਰੱਦ ਕਰਵਾਉਣ ਲਈ ਕਿਸਾਨਾਂ ਵਲੋਂ ਲੜੀ ਗਈ ਅਣਥੱਕ ਲੜਾਈ ਦਿਖਾਉਣ ਵਿੱਚ ਸਹਾਈ ਹੋਵੇਗਾਤੇ ਇਹ ਯਾਦਗਾਰ ਇਸ ਲਈ ਵੀ ਅਹਿਮ ਹੈ ਕਿ ਇਹ ਲੋਕਤੰਤਰ ਦੀ ਸਰਬ ਉੱਚਤਾ ਤੇ ਅੰਦੋਲਨ ਦੇ ਸ਼ਾਂਤਮਈ ਵਿਹਾਰ ਨੂੰ ਦਰਸਾਏਗੀ।

ਇੱਕ ਮਹੱਤਵਪੂਰਨ ਫੈਸਲੇ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦੇਕੋਆਪਰੇਟਿਵ ਖੇਤੀਬਾੜੀ ਵਿਕਾਸ ਬੈਂਕ, ਜਿਸ ਨੂੰ ਪਹਿਲਾਂ ਲੈਂਡ ਮਾਰਟਗੇਜ ਬੈਂਕ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਦੇ 2 ਲੱਖ ਰੁਪਏ ਤੱਕ ਕਰਜ਼ੇ ਵਾਲੇ 5 ਏਕੜ ਤੱਕ ਦੀ ਜ਼ਮੀਨ ਵਾਲੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਵੀ ਇਸ ਮੁਆਫੀ ਸਕੀਮ ਹੇਠ ਕਰ ਦਿੱਤਾ ਹੈ।ਸੰਯੁਕਤ ਕਿਸਾਨ ਮੋਰਚੇ ਦੀ ਇੱਕ ਹੋਰ ਅਹਿਮ ਮੰਗ ਮੰਨਦੇ ਹੋਏਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਵਿੱਚ ਕਾਲੇ ਖੇਤੀ ਕਾਨੂੰਨਾਂ ਦੇ ਵਿਰੁੱਧ ਪ੍ਰਦਰਸ਼ਨ ਕਰਦੇ ਕਿਸਾਨਾਂ ਉੱਤੇ ਪੰਜਾਬ ਪੁਲਸ ਵਲੋਂ ਦਰਜ ਕੀਤੇ ਗਏ ਸਾਰੇ ਕੇਸ 31 ਦਸੰਬਰ 2021 ਤੱਕ ਰੱਦ ਕਰਨ ਦਾ ਐਲਾਨ ਕੀਤਾ।ਮੁੱਖ ਮੰਤਰੀ ਨੇ ਕਿਸਾਨ ਅੰਦੋਲਨ ਦੌਰਾਨ ਜਾਨ ਗੁਆਉਣ ਵਾਲੇ ਕਿਸਾਨਾਂ ਦੇ 17 ਵਾਰਸਾਂ ਨੂੰ ਤਰਸ ਆਧਾਰ ਉੱਤੇ ਨਿਯੁਕਤੀ ਪੱਤਰ ਵੀ ਸੌਂਪੇ ਹਨ।

# ਡਾ. ਅਮਨੀਤ ਕੌਰ ਦੀ ਪੁਸਤਕ 'ਪਾਵਰ ਆਫ ਦ ਪਲੋਅ' ਬਰੈਂਪਟਨ ਵਿੱਚ ਰਿਲੀਜ਼ ਹੋਈ

## ਰਿਲੀਜ਼ ਸਮਾਰੋਹ ਵਿੱਚ ਨਾਮਵਰ ਸ਼ਖਸੀਅਤਾਂ ਹੋਈਆਂ ਸ਼ਾਮਿਲ

ਬਰੈਂਪਟਨ 23 ਦਸੰਬਰ (ਜਗੀਰ ਸਿੰਘ ਕਾਹਲੋਂ) ਬੀਤੇ ਦਿਨੀਂ ਜੀ.ਟੀ.ਏ ਦੀ ਲੋਕ ਸੇਵਕ ਸੰਸਥਾਂ "ਯੂਥ ਫਾਰ ਕਮਿਊਨਿਟੀ " ਵੱਲੋ ਸੁਰਿੰਦਰ ਮਾਵੀ ਦੀ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ ਦੀ ਡਾ. ਅਮਨੀਤ ਕੌਰ ਦੀ ਪੁਸਤਕ ਦਾ ਰਿਲੀਜ਼ ਸਮਾਗਮ ਬਰੈਂਪਟਨ ਦੇ ਗੋਰ ਮੀਡੋ ਕਮਿਊਨਿਟੀ ਸੈਂਟਰ ਵਿਚ ਆਯੋਜਿਤ ਕੀਤਾ ਗਿਆ। ਪੁਸਤਕ ਰੀਲੀਜ਼ ਦੇ ਨਾਲ ਇਸ ਸਮਾਗਮ ਦਾ ਉਦੇਸ਼ ਭਾਰਤ ਵਿਚਲੇ ਕਿਸਾਨ ਅੰਦੋਲਨ ਦੀ ਜਿੱਤ ਦਾ ਜਸ਼ਨ ਮਨਾਉਣਾ ਵੀ ਸ਼ਾਮਿਲ ਸੀ। ਡਾਕਟਰ ਅਮਨੀਤ ਕੌਰ ਨੇ ਇਹ ਪੁਸਤਕ ਕਿਸਾਨੀ ਅੰਦੋਲਨ ਬਾਰੇ ਲਿਖੀ ਹੈ ਤੇ ਇਸ ਨੂੰ ਸੰਸਾਰ ਭਰ ਵਿਚ ਚੰਗਾਂ ਹੁੰਗਾਰਾ ਮਿਲ ਰਿਹਾ ਹੈ ।

ਸਮਾਗਮ ਦੀ ਮੇਜ਼ਬਾਨ ਤੇ ਮੰਚ ਸੰਚਾਲਿਕਾ ਐਡਵੋਕੇਟ ਨਿਮ੍ਰਤਾ ਸ਼ੇਰਗਿੱਲ ਦੇ ਸੱਦੇ ਤੇ ਪ੍ਰੋਫੈਸਰ ਜਗੀਰ ਸਿੰਘ ਕਾਹਲੋਂ ਨੇ ਇਸ ਪੁਸਤਕ ਬਾਰੇ ਜਾਣਕਾਰੀ ਦਿੰਦੇ ਕਿਹਾ ਕੀ 222 ਸਫਿਆਂ ਦੀ ਇਸ ਪੁਸਤਕ ਵਿਚ ਕਿਸਾਨੀ ਅੰਦੋਲਨ ਅਤੇ ਕਿਸਾਨ ਸ਼ਕਤੀ ਬਾਰੇ ਭਰਪੂਰ ਵਰਨਣ ਕੀਤਾ ਗਿਆ ਹੈ ।ਇਸ ਪੁਸਤਕ ਦੀ ਇਕ ਬਹੁਤ ਹੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਵਿਚ ਅੰਦੋਲਨ ਨਾਲ ਸਬੰਧਿਤ ਬਹੁਤ ਸਾਰੀਆ ਰੰਗੀਨ ਤਸਵੀਰਾਂ ਹਨ। ਬੜੀ ਮਿਹਨਤ ਨਾਲ ਲਿਖੀ ਗਈ ਇਸ ਪੁਸਤਕ ਨੂੰ ਛਾਪਣ ਵੇਲੇ ਵੀ ਇਸ ਗੱਲ ਦਾ ਖਾਸ ਧਿਆਨ ਰਖਿਆ ਗਿਆ ਹੈ ਕੀ ਛਪਾਈ ਵਧੀਆ ਪੇਪਰ ਉਪਰ ਕੀਤੀ ਗਈ ਹੈ ਜੋ ਪੁਸਤਕ ਦਾ ਇਕ ਹੋਰ ਗੁਣ ਹੈ। ਮੁੱਖ ਪੰਨੇ ਉਪਰ ਗੁਰੂ ਨਾਨਕ ਦੇਵ ਜੀ ਦੀ ਹਲ ਵਾਹੁੰਦਿਆਂ ਦੀ ਤਸਵੀਰ ਹੈ। ਇਸ ਤਰ੍ਹਾਂ ਇਹ ਪੁਸਤਕ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸੰਬਰ 2021 ਤੱਕ ਦੇ ਕਿਸਾਨੀ ਜੀਵਨ ਦੀ ਅਤੇ ਕਿਸਾਨੀ ਸੰਘਰਸ਼ਾਂ ਦੀ ਲਿਖਾਇਕ ਹੈ। ਪੰਜਾਬੀਆਂ ਤੇ ਜੋ ਇਹ



ਇਲਜ਼ਾਮ ਲੱਗਦਾ ਹੈ ਕਿ ਉਹ ਸਿਰਫ ਇਤਿਹਾਸ ਸਿਰਜਦੇ ਜਰੂਰ ਹਨ ਪਰ ਸਾਂਭਦੇ ਜਾਂ ਲਿਖਦੇ ਨਹੀਂ। ਪ੍ਰੋਫੈਸਰ ਕਹਾਲੋਂ ਦਾ ਕਹਿਣਾ ਸੀ ਕੇ ਡਾਕਟਰ ਅਮਨੀਤ ਕੌਰ ਨੇ ਇਹ ਪੁਸਤਕ ਲਿਖ ਕੇ ਪੰਜਾਬੀਆਂ ਤੇ ਲੱਗਦੇ ਇਸ ਇਲਜ਼ਾਮ ਦਾ ਧੋਣਾ ਧੋ ਦਿਤਾ ਹੈ।

ਪਾਰਲੀਮੈਂਟ ਦੀ ਚੋਣ ਲੜ ਚੁਕੇ ਡਾਕਟਰ ਰਮਨਦੀਪ ਬਰਾੜ ਨੇ ਕਿਸਾਨੀ ਅੰਦੋਲਨ ਦੀ ਜਿੱਤ ਤੇ ਵਧਾਈ ਦਿੰਦੇ ਸਮੇਂ ਇਸ ਅੰਦੋਲਨ ਵਿਚ ਆਪਣੀ ਸ਼ਾਮੂਲੀਅਤ ਦਾ ਜਿਕਰ ਕੀਤਾ। ਪੰਜ ਵਾਰ ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰ ਰਹੇ ਸਰਦਾਰ ਗੁਰਬਖਸ਼ ਸਿੰਘ ਮੱਲ੍ਹੀ ਨੇ ਪੁਸਤਕ ਨੂੰ ਪੰਜਾਬੀਆਂ ਦੀ ਪ੍ਰਾਪਤੀ ਕਰਾਰ ਦਿਤਾ। ਬਰੈਂਪਟਨ ਦੇ ਉੱਤਰੀ ਹਲਕੇ ਤੋਂ ਲਿਬਰਲ ਪਾਰਟੀ ਵਲੋਂ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਸਿਟੀ ਕਾਊਂਸਲਰ ਹਰਕੀਰਤ ਸਿੰਘ, ਕਜਰਵੇਟਿਵ ਵੱਲੋਂ ਬਰੈਂਪਟਨ ਸਾਊਥ ਦੇ ਐਮ.ਪੀ.ਪੀ ਪ੍ਰਭਮੀਤ ਸਿੰਘ ਸਰਕਾਰੀਆ, ਮਿਸੀਸਾਗਾ ਮਾਲਟਨ ਦੇ ਐਮ.ਪੀ.ਪੀ ਦੀਪਕ ਆਨੰਦ ਅਤੇ ਸਾਬਕਾ ਸਿਟੀਜ਼ਨਸ਼ਿਪ ਜੱਜ ਹੈਰੀ ਧਾਲੀਵਾਲ ਵਲੋਂ ਕਿਸੇ ਨਾ ਕਿਸੇ ਤਰੀਕੇ ਆਪਣੇ ਵਲੋਂ ਪਾਏ ਯੋਗਦਾਨ ਦਾ ਵਰਨਣ ਕੀਤਾ ਉੱਥੇ ਹੀ ਪੁਸਤਕ ਦੀ ਲੇਖਕ ਡਾ ਅਮਨੀਤ ਕੌਰ ਨੂੰ ਵਧਾਈਆਂ ਵੀ ਦਿੱਤੀਆਂ ਤੇ ਉਹਨਾਂ ਦੇ ਇਸ ਕਾਰਜ ਵਾਸਤੇ ਉਹਨਾਂ ਦੀ ਪ੍ਰਸ਼ੰਸਾ ਵੀ ਕੀਤੀ।

ਸੰਸਾਰ ਪ੍ਰਸਿੱਧ ਅਰਥਸ਼ਾਸਤਰੀ ਅਤੇ ਇਸ ਅੰਦੋਲਨ ਨਾਲ ਨੇੜਿਓ ਜੁੜੇ ਰਹੇ ਡਾ. ਸੁੱਚਾ ਸਿੰਘ ਗਿੱਲ ਹੁਰਾ ਆਪਣੇ ਸੰਬੋਧਨ ਵਿਚ ਇਸ ਅੰਦੋਲਨ ਨੂੰ ਜਿਥੇ ਇਤਿਹਾਸਕ ਕਰਾਰ ਦਿੱਤਾ ਉੱਥੇ ਨਾਲ ਇਹ ਖੁਸ਼ੀ ਵੀ ਸਾਝੀ ਕਿਤੀ ਕਿ ਲੰਮੇ ਸਮੇਂ ਪਿੱਛੋਂ ਕਿਸੇ ਅੰਦੋਲਨ ਨੇ ਸਫਲਤਾ ਹਾਸਿਲ ਕੀਤੀ ਹੈ ਅਰਥਾਤ ਇਹ ਅੰਦੋਲਨ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਿਸ ਕਰਵਾਉਣ ਵਿਚ ਤਾਂ ਸਫਲ ਹੋਇਆ ਹੀ ਹੈ ਇਸਦੇ ਨਾਲ ਹੀ ਅਨਾਜ ਦੀ ਘਟੋ ਘੱਟ ਕੀਮਤ ਮਿੱਥਨ ਅਤੇ ਇਸਨੂੰ ਕਾਨੂੰਨੀ ਦਰਜਾ ਦਵਾਉਣ ਲਈ ਇਕ ਕਮੇਟੀ ਦਾ ਗਠਨ ਕਰਵਾਉਣ ਵਿਚ ਵੀ ਸਫਲ ਹੋਇਆ ਹੈ। ਇਸ ਕਮੇਟੀ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਪੰਜ ਮੇਬਰ ਵੀ ਸ਼ਾਮਿਲ ਹੋਣਗੇ, ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜਾ ਦਿੱਤਾ ਜਾਵੇਗਾ ਤੇ ਪੰਜਾਬ ਸਰਕਾਰ ਨੇ ਹਰ ਸ਼ਹੀਦ ਦੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਵੀ ਇਲਾਨ ਕੀਤਾ ਹੈ ਇਸ ਅੰਦੋਲਨ ਨੇ "ਇਨਕਲਾਬ ਜ਼ਿੰਦਾਬਾਦ" ਅਤੇ "ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੇ ਨਾਹਰਿਆਂ ਦਾ ਸੁਮੇਲ ਹੀ ਨਹੀਂ ਕੀਤਾ ਸਗੋਂ ਪੰਜਾਬ, ਹਰਿਆਣਾ, ਯੂ.ਪੀ ਅਤੇ ਹਰ ਧਰਮ ਦੇ ਵਖਰੇਵੇਂ ਨੂੰ ਵੀ ਦੂਰ ਕੀਤਾ ਹੈ। ਕਿਸਾਨੀ ਅੰਦੋਲਨ ਬਾਰੇ ਬਹੁਤ ਕੁਛ ਲਿਖਿਆ ਗਿਆ ਹੈ ਤੇ ਲਿਖਿਆ ਜਾ ਰਿਹਾ ਹੈ ਗਿੱਲ ਹੋਰਾਂ ਇਸ ਗੱਲ ਤੇ ਮਾਣ ਮਹਿਸੂਸ ਕੀਤਾ ਕਿ ਡਾ. ਅਮਨੀਤ ਕੌਰ ਨੇ ਇਸ ਪੁਸਤਕ ਸੰਬੰਧੀ ਲੰਮੇ ਵਿਚਾਰ ਵਟਾਂਦਰੇ ਉਹਨਾਂ ਨਾਲ ਕੀਤੇ ਹਨ। ਹੋਰ ਬੁਲਾਰਿਆਂ ਵਿੱਚ ਹਾਕੀ ਕੋਚ ਬੱਬੂ ਅਤੇ ਸਾਬਕਾ ਹਾਕੀ ਕੋਚ ਸ਼ਰਨਪਾਲ ਸਿੰਘ ਸੰਘੇੜਾ ਸ਼ਾਮਿਲ ਸਨ।

ਹਾਲ ਦੀ ਪ੍ਰਵਾਨਤ ਸਮਰੱਥਾ ਅਨੁਸਾਰ ਹਾਲ ਭਰਿਆ ਹੋਇਆ ਸੀ। ਹਾਜ਼ਰੀਨ ਵਿੱਚ ਸਤਪਾਲ ਸਿੰਘ ਜੌਹਲ ,ਰਜਿੰਦਰ ਸੈਣੀ ,ਹਰਜੀਤ ਗਿੱਲ ,ਹਰਿੰਦਰ ਸੋਮਲ, ਜੋਗਿੰਦਰ ਸਿੰਘ ਤੂਰ, ਪਾਲ ਬਡਵਾਲ ,ਇੰਦਰ ਮਾਵੀ ,ਹਰਪ੍ਰੀਤ ਰੱਖੜਾ ,ਸੁਖ ਜਟਾਣਾ ,ਲਲਿਤ ਬੱਤਰਾ ,ਅਵਤਾਰ ਬਰਾੜ ,ਨਵਤੇਜ ਸਿੰਘ, ਹੁਨਰ ਕਾਹਲੋਂ ,ਸਤਬੀਰ ਬਰਾੜ, ਜਸਵੰਤ ਦਿਓ, ਸਰਬਜੀਤ ਕੌਰ ਕਾਹਲੋਂ , ਪਰਮਜੀਤ ਸਿੰਘ ਕਾਹਲੋਂ, ਅਮਨ ਸ਼ਰਮਾ, ਜੈਹਰਸ਼ ਬਰਾੜ, ਜਗਦੇਵ ਮਣਕੂ, ਦਿਲੀਪ ਮੁਲਤਾਨੀ ਵਿਸ਼ੇਸ਼ ਤੌਰ ਤੇ ਹਾਜਿਰ ਹੋਏ।

ਇਹ ਸਮਾਗਮ ਵਾਕਿਆ ਹੀ ਇਸ ਪੁਸਤਕ ਦੇ ਹਾਣ ਦਾ ਹੋ ਨਿਬੜਿਆ। ਜਿਸ ਵਾਸਤੇ ਯੂਥ ਫਾਰ ਕਮਿਊਨਿਟੀ ਸੰਸਥਾ ਅਤੇ ਇਸਦੇ ਸੰਚਾਲਕ ਸੁਰਿੰਦਰ ਮਾਵੀ ਵਧਾਈ ਦੇ ਪਾਤਰ ਹਨ। ਨਿਮ-ਰਤਾ ਸ਼ੇਰਗਿੱਲ ਦਾ ਮੰਚ ਸੰਚਾਲਨ ਵੀ ਯਾਦਗਾਰੀ ਹੋ ਨਿਬੜਿਆ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਚਮਕੌਰ ਦੀ ਗੜ੍ਹੀ ਵਿਚ ਸਤਿਗੁਰਾਂ ਮੋਰਚੇ ਬਣਾਏ



ਕਰਨੈਲ ਸਿੰਘ ਟੋਰਾਂਟੋ
416-746-7642

ਚੌਧਰੀ ਗੜ੍ਹੀ ਦੇਣ ਤੋਂ ਟਾਲ ਵੱਟਦਾ ਸੀ, ਚੌਧਰੀ ਦੇ ਭਾਈ ਗਰੀਬੂ ਨੇਂ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ, ਸਚੇ ਪਾਤਿਸ਼ਾਹ ਅੱਧੀ ਗੜ੍ਹੀ ਮੇਰੀਐ, ਆਪ ਏਥੇ ਠਹਿਰੋ। ੪੦ ਸਿੰਘਾਂ ਅਤੇ ਦੋਵੇਂ ਸਾਹਿਬਜ਼ਾਦਿਆਂ ਸਮੇਤ ਸਤਿਗੁਰੂ ਜੀ ਗੜ੍ਹੀ ਵਿਚ ਠਹਿਰੇ, ਚੌਧਰੀ ਤੋਂ ਰਸਦ ਪਾਣੀ ਲੈਕੇ ਲੰਗਰ ਛੱਕਕੇ, ਰਾਤ ਨੂੰ ਸਤਿਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਕੁਝ ਆਰਾਮ ਕੀਤਾ। ਸਿੰਘਾਂ ਨੇਂ ਚਾਰੀ ਪਾਸੀਂ ਗੜ੍ਹੀ ਦੇ ਸਸ਼ਤ੍ਰਬੱਧ ਹੋਕੇ ਪਹਿਰਾ ਦਿੱਤਾ। ਦਿਨ ਚੜ੍ਹਦੇ ਸਾਰ ਮੁਗਲ ਫੌਜਾਂ ਨੇਂ ਗੜ੍ਹੀ ਤੇ ਧਾਵਾ ਬੋਲ ਦਿੱਤਾ। ਸ਼ੈਦ ਖਾਂ, ਉਸਮਾਨ ਖਾਂ, ਹੈਬਤ ਖਾਂ, ਇਸ਼ਮਾਈਲ ਖਾਂ, ਚਾਰੇ ਮਹਾਂਰਥੀ ਸੂਰਮੇ ਸਨ। ਖਵਾਜ਼ਾ ਖਿਜ਼ਰ ਗੁਲਸ਼ੇਰ ਖਾਂ, ਨਾਹਰ ਖਾਂ, ਇਹ ਤਿੰਨੇ ਭਾਈ ਮਲੇਰੀਏ ਸਨ। ਨਜੀਬ ਖਾਂ, ਜਹਾਨ ਖਾਂ, ਮੀਆਂ ਖਾਂ, ਜਬਰਦਸਤ ਖਾਂ, ਏਹ ਓਨਾਂ ਦੇ ਅਨਾਮੀਂ ਸੂਰਮੇਂ ਅਤੇ ਹੰਕਾਰੇ ਹੋਏ ਸਨ। ਸੂਬਾ ਸਰਹੰਦ ਵਜ਼ੀਦ ਖਾਂ, ਗੁਲਸ਼ੇਰ ਸੁਲਤਾਨ ਖਾਂ, ਤਿੰਨੇ ਸੂਬੇਦਾਰ ਅਤੇ ਹੋਰ ਬਹੁਤ ਸਾਰੇ ਹਾਕਮ ਬੁਲਾਏ ਹੋਇ ਸਨ। ਗੜ੍ਹੀ ਤੇ ਪੌੜੀਆਂ ਲਾਕੇ ਚੜਦੇ ਸਨ। ਅੱਤ ਰਥੀ ਸੂਰਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਰਾਂ ਨੇ ਜੇਹੜਾ ਗੜ੍ਹੀ ਨੇੜੇ ਆਇਆ, ਸਦਾ ਦੀ ਨੀਂਦ ਸੁਆ ਦਿੱਤਾ ਅਤੇ ਸਿੰਘਾਂ ਨੇ ਖੂਬ ਗੋਲੀਆਂ ਦਾ ਮੀਂਹ ਵਰਾ ਦਿੱਤਾ। ਇਕ ਪਾਸੇ ਗੁਰੂ ਸਾਹਿਬ, ੪੦ ਸਿੰਘ ਦੋਵੇਂ ਸਾਹਿਬਜ਼ਾਦੇ, ਦੂਸਰੀ ਤਰਫ ੧੦ ਲੱਖ ਫੌਜਾਂ ਦਾ ਜਮਘਟਾ ਉਤਰਿਆ ਹੈ। ਮਲੇਰੀਆਂ ਚੋਂ ਨਾਹਰ ਖਾਂ ਗੜੀ ਤੇ ਚੜ੍ਹਨ ਲਗਾ, ਯਾ ਅਲੀ, ਯਾ ਅਲੀ ਕਰਕੇ ਗਰਜ਼ਿਆ ਸ਼ੇਰ ਦੀ ਤਰਾਂ, ਗੁਰੂ ਜੀ ਨੇ ਇਕੋ ਤੀਰ ਨਾਲ ਮਾਰ ਮੁਕ-ਾਇਆ। ਦੂਜਾ ਤੀਰ ਉਸਦੇ ਭਰਾ ਗੁਲਸ਼ੇਰ ਖਾਂ ਨੂੰ ਮਾਰਿਆ, ਉਹ ਜ਼ਖਮੀ ਹੋਕੇ ਧਰਤੀ ਤੇ ਡਿੱਗ ਪਿਆ। ਦੋਵਾਂ ਭਰਾਵਾਂ ਦੀ ਉਹ ਹਾਲਤ ਦੇਖ ਕੇ ਖਵਾਜਾ ਖਿਜਰ ਆਪੇ ਤੋਂ ਬਾਹਰ ਹੋ ਗਿਆ, ਜਦੋਂ ਗੜ੍ਹੀ ਦੇ ਨੇੜੇ ਆਇਆ, ਗੁਰੂ ਜੀ ਨੇਂ ਤੀਜਾ ਤੀਰ ਖਵਾਜੇ ਨੂੰ ਮਾਰਿਆ। ਗੁਰੂ ਜੀ ਕਹਿੰਦੇ ਹਨ :- ਇਹ ਪਾਜ਼ੀ ਕੰਧ ਓਹਲੇ ਹੋਕੇ ਜਾਨ ਬਚਾ ਗਿਆ। ਧੰਨ ਹੋ ਦਸਮੇਸ਼ ਪਿਤਾ ਜੀ ਆਪ ਧੰਨ ਹੋ। ਸਤਜੁਗ ਤੋਂ ਲੈ ਕੇ ਅੱਜ ਤੱਕ ਤੁਹਾਡੀ ਬਰਾਬਰੀ ਕਿਸੇ ਸੂਰਮੇ ਨੇ ਨਹੀਂ ਕੀਤੀ।

ਜਦੋਂ ਤਿੰਨ ਪਹਿਰ ਘਮਸ਼ਾਨ ਦੀ ਜੰਗ ਹੋਈ, ਤਾਂ ਗੋਲੀਆਂ ਅਤੇ ਤੀਰਾਂ ਦੀ ਥੁੜ੍ਹ ਹੋ ਗਈ, ਸਿੰਘਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਖਾਲੀ ਹੱਥ ਹੋਕੇ ਫੱੜੇ ਜਾਣ ਨਾਲੋਂ ਤਾਂ, ਵੈਰੀ ਦੇ ਸਾਹਮਣੇ ਮੱਥੇ ਤੇਗਾਂ ਮਾਰਕੇ ਸ਼ਹੀਦੀਆਂ ਪਾਈਏ। ਆਪ ਆਗਿਆ ਦਿਓ ਸੱਚੇ ਪਾਤਿਸ਼ਾਹ, ਸਿੰਘਾਂ ਨੇ ਜੰਗੇ ਮੈਦਾਨ ਵਿੱਚ, ਬੇਅੰਤ ਵੈਰੀਆਂ ਨੂੰ ਮਾਰਕੇ ਸ਼ਹੀਦੀਆਂ ਪਾਈਆਂ। ਗੁਰੂ ਸਾਹਿਬ ਨੇ ਗੜ੍ਹੀ ਤੇ ਉੱਚੀ ਜਗਾ ਤੋਂ ਤੀਰਾਂ ਦਾ ਮੀਂਹ ਵਰਸਾਹ ਦਿੱਤਾ। ਪੁਰਾਤਨ ਇਤਿਹਾਸਕਾਰ ਲਿਖਦੇ ਹਨ :- ਦਸਮੇਸ਼ ਜੀ ਨੇ ਇਕ ਤੀਰ ਛੱਡਣਾਂ ਆਪਣੇ ਧਨਖ ਵਿਚੋਂ, ਇਕ ਤੀਰ ਤੋਂ 7 ਤੀਰ ਹੋ ਜਾਣੇ, ਸਤਾਂ ਤੀਰਾਂ ਤੋਂ ਫੇਰ ਸੌ-ਸੌ ਤੀਰ ਹੋ ਜਾਣੇਂ, ਜਾਣੀ ਕੇ ਸੱਤ ਸੌ ਤੀਰ ਹੋ ਜਾਣੇਂ। 700 ਸੱਤ ਸੌ ਤੀਰਾਂ ਨੇ 7-7 ਬੰਦੇ ਮਾਰਨੇ। ਜਾਣੀ ਕੇ ਗੁਰੂ ਜੀ ਦੇ ਧਨੁਖ ਚੋਂ ਨਿਕਲਿਆ ਇਕ ਤੀਰ 4900 ਬੰਦੇ ਮਾਰਦਾ ਸੀ ਗਿਣ ਗਿਣ ਕੇ। ਤਾਂ ਹੀ ਦੁਸ਼ਮਣਾਂ ਦੀਆਂ ਲੋਥਾਂ ਦੇ ਢੇਰ ਲੱਗੇ ਸਨ। ਚਮਕੌਰ ਦੇ ਅੰਦਰ ਲਹੂ ਦੇ ਨਾਲੇ ਵਹਿ ਗਏ ਸਨ। ਏਨਾਂ ਤੀਰਾਂ ਦੀ ਮਾਰ ਕਰਕੇ, ਸਾਰੀ ਦਿਹਾੜੀ ਗੜ੍ਹੀ ਤੇ ਕਬਜ਼ਾ ਨਹੀਂ ਸੀ ਕਰ ਸਕੀਆਂ ਦਸ ਲੱਖ ਫੌਜਾਂ, ਇਹ ਸਚਾਈ ਹੈ।

ਨੋਟ:- ਏਹੀ ਪੰਜ ਤੀਰ ਬੰਦਾ ਬਹਾਦਰ ਨੂੰ ਦਿੱਤੇ ਸੀ, ਕਿਹਾ ਸੀ ਏਨ੍ਹਾਂ ਤੀਰਾਂ ਨੂੰ ਅੱਤ ਭੀੜ ਬਣੀ ਤੋਂ ਚਲਾਈਂ, ਘੜੀ ਮੁੜੀ ਨਾਂ ਚਲਾਈਂ। ਤਾਂ ਹੀ ਫਤਹਿ ਪਾਉਂਦਾ ਫਿਰਦਾ ਸੀ ਬੰਦਾ ਸਿੰਘ ਬਹਾਦਰ। ਤੀਰ ਤਾਂ ਹੋਰ ਵੀ ਦਿੱਤੇ ਸਨ, ਇਹ ਪੰਜ ਤੀਰ ਲੱਖਾਂ ਦੀ ਗਿਣਤੀ ਵਿੱਚ ਫੌਜਾਂ ਨੂੰ ਮੌਤ ਦੇ ਘਾਟ ਉਤਾਰਕੇ, ਧਰਤੀ ਤੇ ਲੰਬੇ ਪਾ ਦੇਂਦੇ ਸਨ। ਜਿਵੇਂ ਹਨੇਰੀ ਆਉਣ ਤੇ ਮੱਕੀ ਦੇ ਟਾਂਡੇ, ਧਰਤੀ ਤੇ ਲੰਬੇ ਪੈ ਜਾਂਦੇ ਹਨ। ਸਿਖਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ, ਆਪ ਨੇਂ ਅਜ ਕਰਾਮਾਤ ਵਰਤ ਲਈ। ਕਰਾਮਾਤ ਵਰਤਣੀਂ ਕਹਿਰ ਹੈ, ਸੱਚੇ ਪਾਤਿਸ਼ਾਹ ਨੇ ਕਿਹਾ ਅਸੀਂ ਕਰਾਮਾਤ ਨਹੀਂ ਵਰਤੀ। ਇਹ ਤਾਂ ਸਾਡੀ ਸਸ਼ਤ੍ਰ ਵਿਦਿਆ ਅਤੇ ਅਸ਼ਤ੍ਰ ਵਿਦਿਆ ਹੈ। ਇਹੋ ਜੇਹੇ ਤੀਰ ਮਹਾਂ ਭਾਰਤ ਦੇ ਜੰਗ ਵਿਚ ਦ੍ਰੋਣਾਂਚਾਰੀਆ ਗੁਰੂ ਨੇ ਚਲਾਏ ਸਨ। ਕ੍ਰਿਸ਼ਨ ਭਗਵਾਨ ਨੇ ਵੀ ਇਹ ਤੀਰ ਚਲਾਏ ਸਨ, ਕ੍ਰੋੜਾਂ ਦੀ ਗਿਣਤੀ ਵਿਚ ਫੌਜਾਂ ਨੂੰ ਸ਼ੁਸਰੀ ਦੀ ਤਰਾਂ ਸੁਆ ਦੇਂਦੇ ਸਨ। ਕ੍ਰਿਸ਼ਨ ਜੀ ਧਰਤੀ ਦਾ ਭਾਰ ਉਤਾਨ ਆਏ ਸੀ। ਜਦੋਂ ਤਿੰਨ ਪਹਿਰ ਗੜੀ ਚੋਂ ਤੀਰਾਂ ਨਾਲ ਮੁਕਾਬਲਾ ਹੁੰਦਾ ਰਿਹਾ, ਤਾਂ ਗੋਲੀ ਛਿਕਾ ਮੁੱਕ ਗਿਆ। ਸਿੰਘਾਂ ਬੇਨਤੀ ਕੀਤੀ ਸੱਚੇ ਪਾਤਿਸ਼ਾਹ, ਖਾਲੀ ਹੱਥੀਂ ਫੜੇ ਜਾਣ ਨਾਲੋਂ ਬਾਹਰ ਨਿਕਲ ਕੇ ਵੈਰੀਆਂ ਦੇ ਸਾਹਮਣੇ ਮੱਥੇ ਤਲਵਾਰ ਦੀ ਜੰਗ ਕਰਕੇ ਜੌਹਰ ਦਿਖਾਕੇ ਬੇਅੰਤ ਫੌਜਾਂ ਨੂੰ ਮਾਰਕੇ, ਆਪ ਵੀ ਜੰਗੇ ਮੈਦਾਨ ਵਿਚ ਸ਼ਹੀਦੀਆਂ ਪਾਈਏ। ਸਤਿਗੁਰਾਂ ਤੋਂ ਆਗਿਆ ਲੈ ਕੇ, ਪਹਿਲਾ ਜੱਥਾ ਭਾਈ ਹਿੰਮਤ ਸਿੰਘ ਜੀ ਦੀ ਅਗਵਾਈ ਵਿਚ, ਤਲਵਾਰਾਂ ਧੂ ਕੇ ਇਉਂ ਪੈਗਿਆ



ਭੱਜਕੇ ਜਿਵੇਂ ਸ਼ੇਰ ਗਰਜਕੇ ਜੰਗਲੀ ਜੀਵਾਂ ਤੇ ਹੱਲਾ ਬੋਲਦਾ ਹੈ। ਸਿੰਘਾਂ ਨੇ ਤਾਂ ਆਪਣੀਂ ਮੌਤ ਹਥੇਲੀ ਤੇ ਰੱਖੀ ਹੋਈ ਸੀ। ਉਹ ਫੌਜੀ ਸਰਕਾਰੀ ਹੁਕਮ ਵਜਾਉਂਦੇ ਸਨ, ਪਿੱਛੇ ਆਪਣੇ ਬਾਲ ਬੱਚਿਆਂ ਲਈ ਸੋਚਦੇ ਸਨ। ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਕੇ, ਜਦੋਂ ਸਰੀਰ ਟੋਟੇ ਟੋਟੇ ਹੋ ਗਏ। ਆਖਰ ਆਪ ਵੀ ਸ਼ਹੀਦੀਆਂ ਪਾ ਗਏ।

(ਸਾਹਿਬਜ਼ਾਦਾ ਅਜੀਤ ਸਿੰਘ ਜਥੇ ਸਮੇਤ ਮੈਦਾਨ ਵਿੱਚ ਆਇਆ)

ਭਾਈ ਮੋਹਕਮ ਸਿੰਘ ਜੀ ਦੇ ਜਥੇ ਵਿਚ ਇਸ ਤਰਾਂ ਗੜ੍ਹੀ ਚੋਂ ਨਿਕਲਕੇ ਅਕਾਲ ਅਕਾਲ ਗਜਾ ਕੇ ਅਜੀਤ ਸਿੰਘ ਜੀ ਨੇ ਵੈਰੀਆਂ ਤੇ ਹੱਲਾ ਬੋਲ ਦਿਤਾ। ਮਾਰੋ ਮਾਰ ਕਰਕੇ ਸੱਥਰ ਲਾ ਦਿੱਤੇ, ਜਿਵੇਂ ਸਾਬਨ ਵਿਚ ਤਾਰ ਨਿਕਲਦੀ ਹੈ, ਇਸ ਤਰਾਂ ਸਾਹਿਬਜ਼ਾਦੇ ਦੀ ਸਮਸ਼ੇਰ ਗਰਦਨਾਂ ਅਤੇ ਸਿਰਾਂ ਨੂੰ ਪਾੜ ਫਿਰਦੀ ਸੀ। ਗੁਰੂ ਸਾਹਿਬ ਅਜੀਤ ਸਿੰਘ ਨੂੰ ਅਤੇ ਸਿੰਘਾਂ ਨੂੰ ਗੜ੍ਹੀ ਤੋਂ ਸ਼ਾਬਾਸ਼-ਸ਼ਾਬਾਸ਼ ਕਹਿੰਦੇ ਸਨ।

ਬੈਂਤ:- ਟੋਟੇ ਹੋ ਕੇ ਵਿਚ ਮੈਦਾਨ ਡਿਗੇ, ਜਾਂਦੇ ਵਾਰ ਦੀ ਫਤਹਿ ਗਜਾ ਕਰਕੇ।

ਇਸ ਹੱਮਨ ਦੇ ਵਿਚ ਅਜੀਤ ਸਿੰਘ ਜੀ, ਹੂਤੀ ਆਪਣੇ ਜਿਸਮ ਦੀ ਪਾ ਕਰਕੇ।

(ਵੱਡੇ ਵੀਰ ਨੂੰ ਸ਼ਹੀਦ ਹੋਇ ਦੇਖਕੇ, ਛੋਟੇ ਸਾਹਿਬਜ਼ਾਦਾ ਵੀ ਜੰਗ ਵਿਚ ਜਾਂਦੇ ਹਨ)

ਆਲਮ ਸਿੰਘ ਤੇ ਸਾਹਿਬ ਸਿੰਘ ਦੇ, ਜਥੇ ਵਿਚ ਜਾਂਦੇ ਹਨ। ਪਹਿਲਾਂ ਗੁਰੂ ਜੀ ਨੂੰ ਨਮਸ਼ਕਾਰ ਕਰਕੇ ਆਗਿਆ ਪ੍ਰਾਪਤ ਕੀਤੀ, ਇਹ ਆਖਰੀ ਦੀਦਾਰੇ ਹਨ।

ਬੈਂਤ:- ਓਹ ਫੁਲ ਗੁਲਾਬ ਦਾ ਚੰਨ ਚਿਹਰਾ, ਨਾਲ ਵੈਰੀਆਂ ਜੰਗ ਮਚਾਨ ਟੁਰਿਆ।

ਨਿੱਕੀ ਢਾਲ ਤਲਵਾਰ ਲੈ ਹਥ ਸੋਹਣੀ, ਖੰਡੇ ਅੰਮ੍ਰਿਤ ਦੀ ਸ਼ਕਤੀ ਦਿਖਾਨ ਟੁਰਿਆ।

ਜਿਸ ਵੇਲੇ ਗੜ੍ਹੀ ਚੋਂ ਬਾਹਰ ਆਏ ਜੁਝਾਰ ਸਿੰਘ ਜੀ, ਫੌਜਾਂ ਦਾ ਜਮ ਘਟਾ ਦੇਖ ਕੇ, ਘਾਣਾ ਬਚਾ ਸੀ 12 ਸਾਲ ਦਾ, ਪਿੱਛੇ ਮੁੜ ਆਇਆ ਕਹਿੰਦਾ ਪਾਣੀ ਪੀ ਆਵਾਂ। ਸਤਿਗੁਰਾਂ ਗੁੱਸੇ ਵਿਚ ਆਕੇ ਕਿਹਾ ਬੇਟਾ ਪਿਛੇ ਕਿਉਂ ਮੁੜਕੇ ਆਇਆ। ਏਥੇ ਇਸ ਸੰਸਾਰ ਵਿਚ ਤੇਰੇ ਜੋਗਾ ਪਾਣੀਂ ਨਹੀਂ ਹੈ, ਜਾਹ ਵਾਪਸ ਵੱਡੇ ਵੀਰ ਕੋਲ ਪੀ ਜਾਕੇ। ਬੇਟਾ ਛੱਤਰੀ ਸੂਰਮੇ ਦਾ ਪਿੱਛੇ ਮੁੜਨਾ ਧਰਮ ਨਹੀਂ ਹੈ। ਸਿੰਘਾ ਨੇ ਸਾਹਿਬਜ਼ਾਦਾ ਜੀ ਨੂੰ ਵਿਚਘਾਰ ਲੈ ਲਿਆ, ਖੂਬ ਤਲਵਾਰ ਦੇ ਜੌਹਰ ਦਖਾ ਕੇ ਜਿਵੇਂ ਜਵਾਰ ਦੇ ਢੇਰ ਲਈਦੇ ਨੇ ਵੱਡਕੇ ਇਸ ਤਰਾਂ ਸੱਥਰ ਵਿਛਾ ਦਿੱਤੇ ਵੈਰੀਆਂ ਦੇ। ਮਤੀਰਿਆਂ ਦੀ ਤਰਾਂ ਵੈਰੀਆਂ ਦੇ, ਸਿਰ ਵੱਡ ਕੇ ਖਲਾਰ ਦਿੱਤੇ ਮੈਦਾਨ ਵਿਚ, ਸਾਹਿਬਜ਼ਾਦਾ ਜੀ ਨੂੰ ਜੰਗ ਵਿੱਚ ਛੋਟੀ ਤਲਵਾਰ ਚਲਾਂਦਾ ਦੇਖਕੇ ਅਤੇ ਸ਼ਹੀਦੀ ਪ੍ਰਾਪਤ ਕਰਦਾ ਦੇਖਕੇ, ਵੈਰੀਆਂ ਦੇ ਮਹਾਂਵਲੀ ਬਹਾਦਰ ਤ੍ਰਾਹ-ਤ੍ਰਾਹ ਕਰ ਉਠੇ। ਕਈਆਂ ਨੇ ਨੇਤ੍ਰਾਂ ਚੋਂ ਪਾਣੀ ਵਹਿ ਤੁਰਿਆ, ਸਰੀਰ ਕੰਬਣ ਲੱਗੇ।

ਬੈਂਤ:- ਔਖੇ ਝਲਣੇ ਸ਼ੱਲ ਨੇ ਪੁਤ੍ਰਾਂ ਦੇ, ਔਖਾ ਕੰਮ ਹੈ ਵਿਚ ਜਹਾਨ ਭਾਈ।

ਵੇਖੋ ਮਰੇ ਵਸਿਸ਼ਟ ਦੇ ਪਤ੍ਰ ਜਦੋਂ, ਹੋਯਾ ਦੁਖੀ ਓਹ ਮੋਹ ਵਿਚ ਆਨ ਭਾਈ।

ਪਰ ਧੰਨ ਇਕ ਗੁਰੂ ਗੋਬਿੰਦ ਸਿੰਘ ਜੀ, ਪੁਤ੍ਰ ਹੋਏ ਸ਼ਹੀਦ ਮੈਦਾਨ ਭਾਈ।

ਅਖੀਂ ਅੱਥਰੂ ਇਕ ਨ ਕੇਰਿਆ ਸੀ, ਪੁਤ੍ਰ ਹੋਏ ਸ਼ਹੀਦ ਮੈਦਾਨ ਭਾਈ।

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁੱਧੁ ਬਿਚਾਰੈ॥

ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ॥

ਧੀਰਜ ਧਾਮ ਬਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਆਰੈ॥

ਗਿਆਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ॥

(ਕ੍ਰਿਸ਼ਨਾਵਤਾਰ)

ਸਾਰੀ ਦਿਹਾੜੀ ਲੰਘ ਗਈ, ਗੜ੍ਹੀ ਤੇ ਕਬਜ਼ਾ ਨਹੀਂ ਕਰ ਸਕੀਆਂ ਮੁਗਲ ਫੌਜਾਂ। ਦਯਾ ਸਿੰਘ ਜੀ ਸੰਗਤ ਸਿੰਘ ਜੀ ਆਦਿਕ ਸਿੱਖਾਂ ਨੇ ਬੇਨਤੀ ਕੀਤੀ, ਸੱਚੇ ਪਾਤਿਸ਼ਾਹ ਅੱਜ ਦੀ ਦਿਹਾੜੀ ਤਾਂ ਲੰਘ ਗਈ, ਸਿੰਘ ਬਹੁਤ ਸ਼ਹੀਦੀਆਂ ਪਾ ਗਏ ਨੇ। ਗੋਲੀ ਸਿੱਕਾ ਵੀ ਖਤਮ ਹੋ ਗਿਆ ਹੈ, ਸਿੰਘ ਵੀ 5-7 ਰਹਿ ਗਏ ਹਾਂ। ਮਹਾਰਾਜ ਜੀ ਅਸੀਂ ਤਾਂ ਐਥੇ ਸ਼ਹੀਦੀਆਂ ਪਾਵਾਂਗੇ, ਅਸੀਂ ਮਰਨ ਤੋਂ ਨਹੀਂ ਡਰਦੇ। ਪਰ ਆਪ ਰਾਤ ਦੇ ਟੈਮ ਇਥੋਂ ਟੈਮ ਬਚਾਕੇ ਨਿਕਲ ਜਾਓ, ਆਪ ਅੱਗੇ ਜਾ ਕੇ, ਹੋਰ ਫੌਜਾਂ ਸਜਾ ਲਉਗੇ, ਸਤਿਗੁਰਾਂ ਸਿੰਘਾਂ ਦਾ ਗੁਰਮਤਾ ਮੰਨਕੇ, ਪੰਜਾਂ ਸਿੰਘਾਂ ਦੀ ਪੰਚੈਤ ਬਣਾ ਦਿੱਤੀ। ਭਾਈ ਸੰਗਤ ਜੀ ਨੂੰ ਆਪਣੀ ਕਲਗੀ, ਜਿਗਾ ਪਹਿਨਾ ਦਿਤੀ। ਗੁਰੂ ਖਾਲਸਾ ਖਾਲਸਾ ਗੁਰੂ ਕਹਿਕੇ ਖਾਲਸੇ ਨੂੰ ਗੁਰਤਾਗੱਦੀ ਬਖਸ਼ ਦਿੱਤੀ। ਅੱਗੇ ਤੋਂ ਜੋ ਵੀ ਗੁਰਮਤਾ ਜਾਂ ਹੁਕਮ ਨਾਮਾਂ ਕਰਨਾ ਹੈ, ਪੰਜ ਪਿਆਰੇ ਰਹਿਤਵਾਨ ਸਿੰਘਾਂ ਦੁਆਰਾ ਕਰੋ। ਸਤਿਗੁਰੂ ਦਸਮੇਸ਼ ਜੀ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਨੂੰ ਨਾਲ ਲੈ ਕੇ ਸੁਤੀਆਂ ਪਈਆਂ ਫੌਜਾਂ ਦੇ ਵਿਚ ਦੀ ਨਿਕਲ ਗਏ, ਰਾਤੋ ਰਾਤ ਨੰਗੇ ਪੈਰੀਂ ਮਾਛੀਵਾੜੇ ਪਹੁੰਚ ਜਾਂਦੇ ਹਨ। ਹੇ ਦੀਨ ਦੁਨੀਆਂ ਦੇ ਵਾਲੀ। ਧੰਨ ਹੋ ਸੱਚੇ ਪਾਤਿਸ਼ਾਹ ਜੀ ਆਪ ਧੰਨ ਹੋ।

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਨੇਂ ਪਿੰਡ ਤੋਂ ਜ਼ਫਰਨਾਮਾ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ)

ਜ਼ਫਰਨਾਮੇਂ ਦੀ ੪੯ ਵੀ ਬੈਂਤ ਵਿਚ ਲਿਖਿਆ ਹੈ:- ਹੇ ਔਰੰਗਜ਼ੇਬ ਤੂੰ ਕੁਰਾਨ ਦੀ ਸੌਂਹ ਖਾਕੇ ਮੁਕਰਿਆ ਹੈਂ, ਨਾ ਤੂੰ ਈਮਾਨ ਨੂੰ ਮੰਨਣ ਵਾਲਾ ਹੈਂ। ਨਾ ਹੀ ਤੂੰ ਮੁਹਮਦ ਤੇ ਭਰੋਸਾ ਰੱਖਣ ਵਾਲਾ ਹੈਂ, ਤੇਰੇ ਜੈਸੇ ਪੁਰਸ਼ ਤੇ ਮੈਨੂੰ ਕੋਈ ਭਰੋਸਾ ਨਹੀਂ, ਜੋ ਮੁਸਲਮਾਨ ਹੋਕੇ ਪਵਿੱਤ੍ਰ ਕੁਰਾਨ ਦੀ ਕਸਮ ਖਾਕੇ ਮੁਕਰਿਆ ਹੋਵੇ। ਹੁਣ ਭਾਵੇਂ ਤੂੰ ਕੁਰਾਨ ਦੀ ਸੌ ਕਸਮ ਖਾਵੇਂ, ਮੈਂ ਰਤੀ ਭਰ ਵਿਸ਼ਵਾਸ ਨਹੀਂ ਕਰਾਂਗਾ। ਬੈਂਤ ਨੰ: ੧੯ ਤੇ:- ਜੇ ਕਿਤੇ ਅਸੀਂ ਲੁਕਕੇ ਵੀ ਆਪਣੇ ਪਵਿੱਤ੍ਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੌਂਹ ਖਾਦੀ ਹੁੰਦੀ ਤਾਂ ਮੈਂ ਆਪ ਤਾਂ ਕੀ ਉਲੰਘਣਾ ਕਰਨੀ ਸੀ, ਆਪਣੇ ਕਿਸੇ ਬੰਦੇ ਨੂੰ ਵੀ ਉਲੰਘਣਾਂ ਨਾ ਕਰਨ ਦਿੰਦਾ।

ਨੋਟ:- ਦਸਮੇਸ਼ ਪਿਤਾ ਜੀ ਹੁਣ ਤਾਂ ਤੇਰੇ ਪਿਆਰੇ ਪੁਤ੍ਰ ਖਾਲਸੇ ਦੇ ਪਹਿਰਾਵੇ ਵਿੱਚ, ਗੁਰੂ ਗ੍ਰੰਥ ਦੇ ਸਾਹਮਣੇ ਖੜ੍ਹਕੇ, ਝੂਠੀਆਂ ਸੋਹਾਂ ਖਾਂਦੇ ਹੈ, ਅਰਦਾਸਾਂ ਕਰਦਾ ਫਰਜ਼ੀ ਲਾਵਾਂ ਪੜ੍ਹਦੇ ਹਨ। ਝੂਠੇ ਵਿਆਹ ਕਰਵਾਕੇ ਭੈਣ-ਭਾਈ, ਪਤੀ ਪਤਨੀ ਕਹਿਕੇ ਵਿਆਹ ਕਰਵਾ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਬੈਠਕੇ, ਮਖੌਲ ਠੱਠੇ ਕਰਦੇ ਹਨ। ਆਪ ਕਹਿੰਦੇ ਹੋ ਅਸੀਂ ਸੌਂਹ ਖਾਕੇ ਮੁੱਕਰਨ ਦੀ ਆਗਿਆ ਨਹੀਂ ਦਿੰਦੇ, ਆਪਦੇ ਖਾਲਸੇ ਨੂੰ ਆਕੇ ਦੇਖ ਲਓ, ਹੁਣ ਤੁਹਾਡੇ ਸੱਚੇ ਧਰਮ ਨੂੰ ਝੂਠ ਵਿਚ ਬਦਲ ਦਿੱਤਾ। ਹੁਣ ਨਿਹ ਕਲੰਕ ਅਵਤਾਰ ਧਾਰਕੇ ਆਓ, ਪਾਪੀਆਂ ਨੂੰ ਡੰਡ ਦੇਵੋ, ਧਰਮੀਆਂ ਦੀ ਮਦਦ ਕਰੋ ਜੀ। ਇਹ ਕੀਟ ਦੀ ਬੇਨਤੀ ਨੂੰ ਪ੍ਰਵਾਨ ਕਰੋ ਜੀ।

## ਕੈਲਗਰੀ ਵਿਚ ਪੰਜਾਬੀ ਮੂਲ ਦੀ ਭਾਰਤੀ ਔਰਤ ਕੈਨੇਡਾ ਦੇ ਨੈਸ਼ਨਲ ਅਵਾਰਡ ਨਾਲ ਸਨਮਾਨਿਤ

ਬੀਤੇ ਦਿਨੀਂ 7 ਦਸੰਬਰ ਦਿਨ ਮੰਗਲਵਾਰ ਨੂੰ ਆਟਵਾ ਦੇ ਯੂ ਟੀਊਬ ਚੈਨਲ ਤੇ ਪ੍ਰਸਾਰਤ ਇਕ ਨੈਸ਼ਨਲ ਅਵਾਰਡ ਸੈਰੇਮਨੀ ਵਿਚ ਕੈਲਗਰੀ ਦੀ ਬੀਬੀ ਗੁਰਮੀਤ ਕੌਰ ਸਰਪਾਲ ਨੂੰ ਫੈਡਰਲ ਅਵਾਰਡ ਫਾਰ ਵਲੰਟੀਅਰ ਵਰਕ, ਫਾਰ 2020 ਨਾਲ ਸਨਮਾਨਿਤ ਕੀਤਾ ਗਿਆ। ਬੀਬੀ ਜੀ ਅਵਾਰਡ ਲੈਣ ਵਾਲੀ, ਕੈਟਾਗਰੀ 'ਲੀਡਰ ਫਾਰ ਕਮਿਉਨਿਟੀ ਅਵਾਰਡ ਫਾਰ ਕਨੇਡਾ ਵਲੰਟੀਅਰ ਅਵਾਰਡ 2020 ਦੇ 5 ਮੈਂਬਰਾ ਵਿਚੋਂ ਇਕ ਸੀ। ਇਹ ਵਕਾਰੀ ਸਨਮਾਨ ਹਰ ਸਾਲ ਦੇਸ਼ ਭਰ ਵਿਚੋਂ ਇੰਡੀਵਿਜੁਅਲਜ਼, ਨਾਨ ਪ੍ਰਾਫਿਟ ਆਰਗੇਨਾਈਜ਼ੇਸ਼ਨ, ਸੋਸ਼ਿਲ ਆਰਗੇਨਾਈਜ਼ੇਸ਼ਨ ਅਤੇ ਉਨਾਂ ਬਿਜ਼ਨਸ ਅਦਾਰਿਆਂ ਨੂੰ ਦਿਤੇ ਜਾਂਦੇ ਹਨ ਜਿਨ੍ਹਾ ਦੇ ਕਾਰਜ ਕਾਰਣ ਦੂਸਰਿਆ ਦੀ ਜ਼ਿੰਦਗੀ ਵਿਚ ਕੁਝ ਚੰਗਾ ਵਾਪਰਦਾ ਹੋਵੇ। ਸਰਟੀਫਿਕੇਟ ਤੋ ਇਲਾਵਾ 5000 ਡਾਲਰ ਦੀ ਮਾਇਕ ਗਰਾਂਟ ਵੀ ਦਿਤੀ ਜਾਂਦਾ ਹੈ ਜੋ ਪਰਾਪਤ ਕਰਤਾ ਆਪਣੀ ਪਸੰਦ ਦੀ ਕਿਸੇ ਨਾਨ ਪਰਾਫਟ ਆਰਗੇਨਾਈਜ਼ੇਸ਼ਨ ਨੂੰ ਦੇਂਦਾ ਹੈ। ਦਾਨੀ ਬੀਬੀ ਸਰਪਾਲ ਨੇ ਇਹ ਰਾਸ਼ੀ ਕੈਲਗਰੀ ਚਿਲਡਰਿਨ ਹਸਪਤਾਲ ਨੂੰ ਦਾਨ ਕੀਤੀ ਹੈ।

ਕੁਲ ਮਿਲਾਕੇ ਸਾਲ 2020 ਵਿਚ 21 ਰਿਜਨਲ ਅਤੇ ਇਕ ਨੈਸ਼ਨਲ ਅਵਾਰਡ ਦਿਤੇ ਗਏ। ਅਲਬਰਟਾ ਸੂਬੇ ਵਿਚ ਇਹ ਸੁਭਾਗ ਗੁਰਮੀਤ ਕੌਰ ਸਰਪਾਲ ਨੂੰ ਮਿ-ਲਆ। ਕੈਲਗਰੀ ਹੈਰਲਡ ਮੁਤਾਬਿਕ ਗੁਰਮੀਤ ਕੌਰ ਸਰਪਾਲ ਪਿਛਲੇ 40 ਸਾਲਾ ਦੇ ਵੱਧ ਸਮੇ ਤੋਂ ਕੈਲਗਰੀ ਕਮਿਓਨਿਟੀ ਵਿਚ ਵਲੰਟੀਅਰ ਸੇਵਾਵਾਂ ਦੇ ਰਹੀ ਹੈ। ਜਦ ਉਹ 1976 ਵਿਚ ਭਾਰਤ ਤੋਂ ਕਨੇਡਾ ਆਈ ਸੀ ਤਾਂ ਉਸਨੂੰ ਆਪਣੀ ਧਰਤੀ ਤੋਂ ਦੂਰ ਵਿਦੇਸ਼ ਵਿਚ ਬਹੁਤ ਮੁਸੀਬਤਾ ਦਾ ਸਾਹ-ਮਣਾ ਕਰਨਾ ਪਿਆ।

ਉਸਨੇ ਸਟਾਫ ਨਾਰਸਿੰਗ ਦੀ ਡਿਗਰੀ ਪੀ ਜੀ ਆਈ ਚੰਦੀਗੜ ਤੋਂ ਕੀਤੀ ਹੋਈ ਸੀ ਪਰ ਕਨੇਡਾ ਵਿਚ ਉਹ ਆਪਣੀ ਇਸ ਲਾਈਨ ਵਿਚ ਜਾਬ ਨਾ ਕਰ ਸਕੀ। ਕਾਰਣ ਪ੍ਰੀਵਾਰਕ ਮਜਬੂਰੀ ਅਤੇ ਕਨੇਡੀਅਨ ਐਕਸਪੀਰੀਐਂਸ ਦੀ ਅਣਹੋਂਦ ਰਿਹਾ। ਗੁਰਮੀਤ ਨੂੰ ਇਕੱਲਾਪਨ, ਬੇਚੈਨੀ ਅਤੇ ਡੀਪਰੈਸ਼ਨ ਨੇ ਘੇਰ ਲਿਆ। ਇਹੀ ਚੈਲੇਂਜ ਸਨ ਜਿਸਨੇ ਗੁਰਮੀਤ ਨੂੰ ਸਮਾਜ ਸੇਵਾ ਵਲ ਰੁਚਿਤ ਕੀਤਾ। ਉਸਦੀ ਸਪਿਰਚੂਅਲ ਜਰਨੀ ਦੀ ਸ਼ੁਰਆਤ ਹੋਈ। ਆਪੇ ਦੀ ਖੋਜ ਉਪਰ ਗਿਆਨ ਪ੍ਰਾਪਤ ਕਰਨਾ, ਗੁਰਦੁ-ਆਰੇ ਕੀਰਤਨ ਕਰਨਾ, ਵਖ ਵਖ ਸੰਸਥਾਵਾਂ



ਵਿਚ ਜਾਕੇ ਵਲੰਟੀਅਰ ਸੇਵਾ ਦੇਣਾ ਉਸਦੇ ਜੀਵਨ ਦਾ ਇਕ ਅੰਗ ਬਣ ਗਿਆ। ਅਜਿਹੀਆ ਅਣਗਿਣਤ ਸੰਸਥਾਵਾ ਵਿਚੋਂ ਕੈਲਗਰੀ ਇਮੀਗ੍ਰੇਸ਼ਨ ਸੁਸਾਇਟੀ ਸੰਸਥਾ ਨਾਲ ਉਸਦਾ ਖਾਸ ਲਗਾਵ ਹੈ। ਇਨ੍ਹਾਂ ਸਭ ਰੁਚੀਆ ਸਦਕੇ ਉਸ ਵਿਚ ਇਕ ਨਵੀਂ ਜ਼ਿੰਦਗੀ ਦੀ ਕਿਰਣ ਉਦੇ ਹੋਈ ਅਤੇ ਉਹ ਮਾਨਸਿਕ ਅਤੇ ਸਰੀਰਕ ਤੌਰ ਤੇ ਤੰਦਰੁਸਤ ਹੋਈ।

ਉਸਨੇ ਪਾਇਆ ਕਿ ਆਪਣੇ ਪੰਜਾਬੀ ਸਮਾਜ ਵਿਚ ਉਹ ਇਕੱਲੀ ਨਹੀਂ ਜੋ ਇਸ ਤਰ੍ਹਾਂ ਦੀ ਬੇਚੈਨ ਜ਼ਿੰਦਗੀ ਵਿਚੋਂ ਗੁਜ਼ਰੀ ਹੈ ਸਗੋ ਬਹੁਤ ਸਾਰੀਆਂ ਹੋਰ ਔਰਤਾ ਆਪਣੀ ਨਿਜੀ ਜ਼ਿੰਦਗੀ ਵਿਚ ਇਕੱਲਤਾ ਅਤੇ ਡੀਪਰੈਸ਼ਨ ਤੋਂ ਪ੍ਰੇਸ਼ਾਨ ਹਨ। 2006 ਵਿਚ ਉਸਨੇ ਰਾਇਲ ਵੋਮੈਨ ਕਲਚਰਲ ਅਸੋਸੀਏਸ਼ਨ ਕੈਲਗਰੀ ਦੀ ਨੀਹ ਰੱਖੀ ਜੋ ਅਜ ਤਕ ਨਿਰੰਤਰ ਕਾਮਯਾਬੀ ਨਾਲ ਚਲ ਰਹੀ ਹੈ। ਫੈਡਰਲ ਅਵਾਰਡ ਤੋਂ ਪਹਿਲਾਂ 2015 ਵਿਚ ਉਸਦੀਆਂ ਲਗਾਤਾਰ ਸੇਵਾਵਾਂ ਦਾ ਮੁਲਅੰਕਣ ਕਰਦਿਆ 'ਕੈਲਗਰੀ ਇਮੀਗ੍ਰੇਟ ਸਰਵਿਸਜ਼' ਨੇ ਉਸਨੂੰ 'ਇਮੀਗ੍ਰੇਟਸ ਡਿਸਟਿੰਕਸ਼ਨ ਅਵਾਰਡ' ਨਾਲ ਨਿਵਾਜਿਆ ਸੀ। ਫਿਰ 2018 ਵਿਚ 'ਅਲਬਰਟਾ ਡਾਇਵਰਸਟੀ ਅਵਾਰਡ' ਅਤੇ 2019 ਵਿਚ 'ਲਾਈਫ ਟਾਈਮ ਅਚੀਵਮੈਂਟ ਅਵਾਰਡ' ਪ੍ਰਾਪਤ ਹੋਏ। ਉਸ ਕੋਲ ਵਖ ਵਖ ਸਭਾ ਸੁਸਾਇਟੀਜ਼ ਦੇ ਦਰਜਨਾ ਸਰਟੀਫਿਕੇਟਸ ਅਤੇ ਇਨਾਮ ਹਨ। ਸ਼ਾਲਾ ਬੀਬੀ ਜੀ ਇਸੇ ਤਰ੍ਹਾ ਸਮਾਜ ਸੇਵਾ ਕਰਦੇ ਰਹਿਣ।

ਈਵੈਂਟ ਸਮੇ ਫੈਡਰਲ ਮਿਨਿਸਟਰ ਫਾਰ 'ਫੈਮਲੀਜ਼, ਚਿਲਡਰਨ ਅਤੇ ਸੋਸ਼ਿਲ ਡੀਵੈਲਪਮੈਂਟ' ਕਰੀਨਾ ਗੋਲਡ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਉਸਨੂੰ 2020 ਦੇ ਇਹ ਵਲੰਟੀਅਰ ਅਵਾਰਡ ਦੇਦਿਆ ਬੜਾ ਮਾਣ ਮਹਿਸੂਸ ਹੋ ਰਿਹਾ ਹੈ ਕਿਓਂ ਕਿ ਸਭ ਪਾਰਟੀਸਪੈਂਟਸ ਦੀਆ ਕਹਾਣੀਆ ਬਹੁਤ ਰੋਚਿਕ ਅਤੇ ਪ੍ਰੇਰਣਾਦਇਕ ਹਨ। ਯੋਗਦਾਨ ਦੇਣ ਲਈ ਉਹ ਸਭ ਦਾ ਧੰਨਵਾਦ ਕਰਦੀ ਹੈ।




Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਪੰਜਾਂ ਰਾਜਾਂ ਦੀਆਂ ਚੋਣਾਂ ਦੌਰਾਨ ਭਾਜਪਾ ਅੰਦਰ ਕੱਟੜਪੰਥੀਆਂ ਵਿਚਾਲੇ ਅਗਲੀ ਖਿੱਚੋਤਾਣ ਵੀ ਜਾਰੀ





ਜਤਿੰਦਰ ਪੰਨੂ

ਇਸ ਵਕਤ ਜਦੋਂ ਹਰ ਕੋਈ ਚੋਣਾਂ ਦੀ ਗੱਲ ਅਤੇ ਫਿਰ ਅੱਗੋਂ ਸਿਰਫ ਪੰਜਾਬ ਦੀਆਂ ਚੋਣਾਂ ਦੀ ਗੱਲ ਕਹਿੰਦਾ ਅਤੇ ਸੁਣਦਾ ਜਾਪਦਾ ਹੈ ਤਾਂ ਅਸੀਂ ਵੀ ਗੱਲ ਚੋਣਾਂ ਦੀ ਕਰਨੀ ਹੈ, ਪਰ ਭਾਰਤ ਦੇ ਕੌਮੀ ਨਕਸ਼ੇ ਉੱਤੇ ਉੱਭਰਦੇ ਇਸ ਦੇ ਪ੍ਰਭਾਵ ਅਤੇ ਇਨ੍ਹਾਂ ਚੋਣਾਂ ਪਿੱਛੇ ਛੁਪੇ ਦਾਅ-ਪੇਚਾਂ ਦੀ ਗੱਲ ਕਰਨੀ ਜ਼ਰੂਰੀ ਸਮਝਦੇ ਹਾਂ। ਫਰਵਰੀ ਤੇ ਮਾਰਚ ਦੇ ਦੋ ਮਹੀਨੇ ਚੋਣਾਂ ਦੀ ਪ੍ਰਕਿਰਿਆ ਚੱਲਣੀ ਹੈ, ਜਿਸ ਵਿੱਚ ਪੰਜਾਬ ਸਣੇ ਪੰਜ ਰਾਜਾਂ ਦੀਆਂ ਚੋਣਾਂ ਹੋਣਗੀਆਂ। ਇਨ੍ਹਾਂ ਵਿੱਚੋਂ ਬਾਕੀ ਤਿੰਨ ਰਾਜਾਂ: ਉੱਤਰਾ ਖੰਡ, ਗੋਆ ਜਾਂ ਮਨੀਪੁਰ ਵਿੱਚ ਕਿਸੇ ਬਾਹਰਲੇ ਦੀ ਖਾਸ ਦਿਲਚਸਪੀ ਨਹੀਂ ਹੋਣੀ ਤੇ ਚੌਥੇ ਉੱਤਰ ਪ੍ਰਦੇਸ਼ ਨੇ ਸਾਡੇ ਪੰਜਾਬ ਦੇ ਲੋਕਾਂ ਦਾ ਧਿਆਨ ਵੀ ਆਪਣੀਆਂ ਚੋਣਾਂ ਦੇ ਬਾਵਜੂਦ ਵਾਰ-ਵਾਰ ਖਿੱਚਣਾ ਹੈ। ਇਸ ਪਿੱਛੇ ਕਾਰਨ ਸਿਰਫ ਇਹ ਨਹੀਂ ਕਿ ਉੱਤਰ ਪ੍ਰਦੇਸ਼ ਵਿੱਚ ਦੇਸ਼ ਦੀ ਪੰਜ ਸੌ ਤਿਰਤਾਲੀ ਮੈਂਬਰੀ ਲੋਕ ਸਭਾ ਦੀਆਂ ਅੱਸੀ ਸੀਟਾਂ ਇੱਕੋ ਥਾਂ ਹੋਣ ਕਾਰਨ ਭਲਕ ਨੂੰ ਦੇਸ਼ ਦੀ ਉੱਚੀ ਗੱਦੀ ਦੀ ਲੜਾਈ ਵਿੱਚ ਉਸ ਦਾ ਅਹਿਮ ਰੋਲ ਹੋਣਾ ਹੈ, ਸਗੋਂ ਇਹ ਕਾਰਨ ਵੀ ਹੈ ਕਿ ਭਾਜਪਾ ਦੀ ਅਗੇਤ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਸਥਿਤੀ ਉੱਤੇ ਇਸ ਦਾ ਅਸਰ ਪੈ ਸਕਦਾ ਹੈ। ਭਾਰਤੀ ਜਨਤਾ ਪਾਰਟੀ ਵਿਚਲੀ ਜਿਹੜੀ ਧੜੇਬੰਦੀ ਅਜੇ ਬਾਹਰ ਨਹੀਂ ਆਈ, ਉੱਤਰ ਪ੍ਰਦੇਸ਼ ਵਿੱਚ ਉਹ ਸਰਗਰਮ ਹੋ ਚੁੱਕੀ ਹੈ।

ਇੱਕ ਵਕਤ ਹੁੰਦਾ ਸੀ, ਜਦੋਂ ਭਾਜਪਾ ਅੰਦਰ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਦੋਵੇਂ ਜਣੇ ਇਕੱਠੇ ਹੁੰਦਿਆਂ ਵੀ ਇੱਕ ਦੂਸਰੇ ਦੇ ਅਣ-ਐਲਾਨੇ ਪੱਕੇ ਸ਼ਰੀਕ ਹੁੰਦੇ ਸਨ। ਨਰਸਿਮਹਾ ਰਾਓ ਦੇ ਵਕਤ ਦੀ ਕਾਂਗਰਸ ਦੀ ਮੰਦੀ ਹਾਲਤ ਮੌਕੇ ਜਦੋਂ ਭਾਜਪਾ ਚੜ੍ਹਦੀ ਵੇਖ ਕੇ ਅਮਰੀਕਾ ਵਰਗੇ ਦੇਸ਼ਾਂ ਦੀਆਂ ਸਰਕਾਰਾਂ ਨੇ ਭਾਜਪਾ ਨਾਲ ਤਾਲਮੇਲ ਦਾ ਮੁੱਢ ਬੰਨ੍ਹਿਆ ਸੀ, ਓਦੋਂ ਭਾਜਪਾ ਦਾ ਜਨਰਲ ਸੈਕਟਰੀ ਗੋਵਿੰਦਾਚਾਰੀਆ ਅਮਰੀਕੀ ਰਾਜਦੂਤ ਨੂੰ ਮਿਲਣ ਗਿਆ ਤਾਂ ਵੱਡਾ ਪੁਆੜਾ ਪੈ ਗਿਆ ਸੀ। ਅਮਰੀਕੀ ਦੂਤਘਰ ਵਿੱਚੋਂ ਇਹ ਗੱਲ ਲੀਕ ਹੋਈ ਜਾਂ ਕੀਤੀ ਗਈ ਕਿ ਗੋਵਿੰਦਾਚਾਰੀਆ ਨੇ ਉਸ ਮਿਲਣੀ ਮੌਕੇ ਅਮਰੀਕੀ ਰਾਜਦੂਤ ਨੂੰ ਕਿਹਾ ਸੀ ਕਿ ਵਾਜਪਾਈ ਸਾਡਾ ਮੁਖੌਟਾ ਹੈ, ਅਸਲ ਚਿਹਰਾ ਲਾਲ ਕ੍ਰਿਸ਼ਨ ਅਡਵਾਨੀ ਹੈ। ਉਸ ਨੇ ਗਲਤ ਨਹੀਂ ਸੀ ਕਿਹਾ, ਹਕੀਕਤ ਇਹੀ ਸੀ। ਵਾਜਪਾਈ ਨੂੰ ਇਸ ਨਾਲ ਏਨੀ ਕੌੜ ਚੜ੍ਹੀ ਕਿ ਪਾਰਟੀ ਪਾਟਕ ਦੇ ਕੰਢੇ ਪਹੁੰਚ ਗਈ ਸੀ ਅਤੇ ਇੱਕ ਸਮਾਗਮ ਵਿੱਚ ਪ੍ਰਧਾਨਗੀ ਕਰਨ ਗਿਆ ਵਾਜਪਾਈ ਇਹ ਕਹਿ ਕੇ ਨਿਕਲ ਆਇਆ ਸੀ ਕਿ ਬਾਕੀ ਦਾ ਸਮਾਗਮ ਤੁਸੀਂ ਆਪੇ ਚਲਾ ਲਿਓ, ਉਂਜ ਵੀ ਮੈਂ ਇਸ ਪਾਰਟੀ ਦਾ ਮੁੱਖ ਨਹੀਂ, ਸਿਰਫ ਮੁਖੌਟਾ ਹੋ ਗਿਆ ਹਾਂ। ਦਿੱਲੀ ਵਿਚਲੀ ਭਾਜਪਾ ਹਾਈ ਕਮਾਨ ਤੋਂ ਨਾਗਪੁਰ ਵਿੱਚ ਬੈਠੇ ਆਰ ਐੱਸ ਐੱਸ ਆਗੂਆਂ ਤੱਕ ਇਸ ਨਾਲ ਹਿੱਲ ਗਏ ਸਨ ਕਿ ਜੇ ਵਾਜਪਾਈ ਖਿਸਕ ਗਿਆ ਤਾਂ ਬਿਸਤਰਾ ਗੋਲ ਹੋ ਜਾਵੇਗਾ। ਬਹੁਤ ਮੁਸ਼ਕਲ ਉਸ ਨੂੰ ਮਨਾ ਕੇ ਵਾਪਸ ਲਿਆਂਦਾ ਗਿਆ ਸੀ, ਪਰ ਉਸ ਨੂੰ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਨ ਪਿੱਛੋਂ ਵੀ ਬਖੇੜਾ ਖਤਮ ਨਹੀਂ ਸੀ ਹੋਇਆ। ਭਾਜਪਾ ਦੇ ਇੱਕ ਆਗੂ ਨੇ ਜਦੋਂ ਇਹ ਕਹਿ ਦਿੱਤਾ ਕਿ ਸਾਡੇ ਲਈ ਵਾਜਪਾਈ ਅਤੇ ਅਡਵਾਨੀ ਦੋਵੇਂ ਸਤਿਕਾਰਤ ਹਨ ਤੇ ਅਗਲੀ ਚੋਣ ਵਿੱਚ ਦੋਵੇਂ ਮਿਲ ਕੇ ਸਾਨੂੰ ਅਗਵਾਈ ਦੇਣਗੇ ਤਾਂ ਵਾਜਪਾਈ ਨੇ ਫਿਰ ਪਲਟਵਾਂ ਵਾਰ ਕਰ ਕੇ ਇਹ ਕਿਹਾ ਸੀ, 'ਮੇਰੀ ਕੋਈ ਲੋੜ ਨਹੀਂ, ਅਗਲੀ ਵਾਰੀ ਅਡਵਾਨੀ ਜੀ ਇਕੱਲੇ ਹੀ ਅਗਵਾਈ ਕਰਨਗੇ,' ਅਤੇ ਇਸ ਹਮਲੇ ਨਾਲ ਭਾਜਪਾ ਏਨੀ ਬੌਂਦਲ ਗਈ ਸੀ ਕਿ ਚੋਣਾਂ ਤੋਂ ਚੋਖਾ ਪਹਿਲਾਂ ਵਾਜਪਾਈ ਦੇ ਹੱਥ ਹੀ ਅਗਵਾਈ ਦੇਣ ਦਾ ਐਲਾਨ ਕਰਨਾ ਪਿਆ ਸੀ।

ਐਨ ਓਦੋਂ ਵਰਗੀ ਖਿੱਚੋਤਾਣ ਇਸ ਵਕਤ ਭਾਜਪਾ ਵਿੱਚ ਕੌਮੀ ਪੱਧਰ ਉੱਤੇ ਫਿਰ ਛਿੜ ਚੁੱਕੀ ਹੈ। ਨਰਿੰਦਰ ਮੋਦੀ ਦੀ ਜਿਹੜੀ ਕਮਾਂਡ ਕਿਸੇ ਸਮੇਂ ਆਰ ਐੱਸ ਐੱਸ ਅਤੇ ਭਾਜਪਾ ਨੂੰ ਸਭ ਤੋਂ ਵੱਧ ਠੀਕ ਲੱਗਦੀ ਸੀ, ਉਸ ਦੇ ਬਦਲ ਵਜੋਂ ਅੱਜਕੱਲ੍ਹ ਯੋਗੀ ਆਦਿੱਤਿਆਨਾਥ ਨੂੰ ਪੇਸ਼ ਕੀਤਾ ਜਾਣ ਲੱਗਾ ਹੈ। ਅਜੇ ਤੱਕ ਭਾਜਪਾ ਨੇ ਉਸ ਨੂੰ ਸਪੱਸ਼ਟ ਤੌਰ ਉੱਤੇ ਭਾਵੇਂ ਕਿਤੇ ਵੀ ਪੇਸ਼ ਨਾ ਕੀਤਾ ਹੋਵੇ, ਅੰਦਰ-ਖਾਤੇ ਦੀ ਜੰਗ ਵਿੱਚ ਪਿਛਲੇ ਸਤੰਬਰ ਵਿੱਚ ਹਾਲਤ ਇਹ ਬਣੀ ਵੇਖੀ ਗਈ ਸੀ ਕਿ ਨਾਗਪੁਰ ਵਾਲੇ ਆਰ ਐੱਸ ਐੱਸ ਹੈੱਡ ਕੁਆਰਟਰ ਵਰਗਾ ਇੱਕ ਕੇਂਦਰ ਉੱਤਰੀ ਭਾਰਤ ਵਾਸਤੇ ਲਖਨਊ ਵਿੱਚ ਬਣਾਉਣ ਦੀ ਗੱਲ ਸੁਣੀ ਜਾਣ ਲੱਗ ਪਈ ਸੀ। ਉਹ ਸੋਚ ਅਸਲ ਵਿੱਚ ਨਰਿੰਦਰ ਮੋਦੀ ਨੂੰ ਅੱਖਾਂ ਦਿਖਾਉਣ ਅਤੇ ਯੋਗੀ ਨੂੰ ਉਭਾਰਨ ਵਾਸਤੇ ਸੀ, ਜਿਸ ਵਿੱਚ ਮੋਦੀ ਟੀਮ ਕਿਸੇ ਵਕਤ ਦੇ ਵਾਜਪਾਈ ਦੇ ਪੈਂਤੜੇ ਨਾਲ ਯੋਗੀ ਵਾਲੇ ਧੜੇ ਨੂੰ ਪਿਛਾਂਹ ਧੱਕਣ ਵਿੱਚ ਕਾਮਯਾਬ ਰਹੀ, ਪਰ ਖਿੱਚੋਤਾਣ ਹਾਲੇ ਤੱਕ ਚੱਲੀ ਜਾਂਦੀ ਹੈ। ਕਾਂਵੜੀਆਂ ਉੱਤੇ ਜਹਾਜ਼ਾਂ ਨਾਲ ਫੁੱਲਾਂ ਦੀ ਵਰਖਾ ਕਰਵਾਉਣ ਅਤੇ ਅਯੁੱਧਿਆ ਵਿੱਚ ਰਾਮ-ਲੀਲਾ ਮੌਕੇ ਰਾਮ, ਸੀਤਾ ਅਤੇ ਲਛਮਣ ਬਣੇ ਅਦਾਕਾਰ ਉਚੇਚੇ ਹੈਲੀਕਾਪਟਰ ਵਿੱਚ ਲਿਆ ਕੇ ਆਰਤੀ ਉਤਾਰਨ ਦੇ ਯੋਗੀ ਆਦਿੱਤਿਆਨਾਥ ਦੇ ਪੈਂਤੜੇ ਦੀ ਕਾਟ ਲਈ ਨਰਿੰਦਰ ਮੋਦੀ ਵੀ ਕਾਸ਼ੀ ਜਾ ਕੇ ਸਾਧੂ-ਸੰਤਾਂ ਦੇ ਚਰਨ ਪਰਸਦੇ ਵੇਖੇ ਜਾ ਰਹੇ ਹਨ। ਮਾਮਲਾ ਨਿਰੀ ਸ਼ਰਧਾ ਦਾ ਹੋਵੇ ਤਾਂ ਨਰਿੰਦਰ ਮੋਦੀ ਸਾਹਿਬ ਚੁੱਪ-ਚੁਪੀਤੇ ਵੀ ਇਹ ਸੇਵਾ ਪੂਰੀ ਕਰ ਸਕਦੇ ਹਨ, ਪਰ ਮੀਡੀਆ ਕੈਮਰੇ ਫਿੱਟ ਕਰਵਾਉਣ ਦੇ ਬਾਅਦ ਓਥੇ ਜਾਣ ਦਾ ਰਾਜਨੀਤਕ ਮਹੱਤਵ ਕਿਸੇ ਵੀ ਹੋਸ਼ਮੰਦ ਵਿਅਕਤੀ ਨੂੰ ਸਮਝ ਆ ਸਕਦਾ ਹੈ। ਇਸ ਮੁਕਾਬਲੇ ਬਾਜ਼ੀ ਵਿੱਚ ਦੋਵਾਂ ਧਿਰਾਂ ਦੇ ਲੋਕ ਪੂਰੀ ਤਨਦੇਹੀ ਨਾਲ ਆਪੋ-ਆਪਣੀ ਰਾਜਨੀਤੀ ਵੀ ਕਰੀ ਜਾਂਦੇ ਹਨ ਅਤੇ ਲੋਕਾਂ ਸਾਹਮਣੇ ਏਕੇ ਦਾ ਭਰਮ ਵੀ ਪਾਈ ਜਾ ਰਹੇ ਹਨ।

ਅੰਦਰੋਂ ਲੜਦਿਆਂ ਬਾਹਰ ਏਕੇ ਦਾ ਭਰਮ ਪਾਉਣਾ ਵੀ ਭਾਜਪਾ ਦੇ ਇਨ੍ਹਾਂ ਦੋਵਾਂ ਧੜਿਆਂ ਦੇ ਆਗੂਆ ਦੀ ਮਜਬੂਰੀ ਬਣਦਾ ਹੈ। ਦਿੱਲੀ ਤੋਂ ਆਈਆਂ ਕਨਸੋਆਂ ਕਹਿੰਦੀਆਂ ਹਨ ਕਿ ਕੇਂਦਰ ਸਰਕਾਰ ਚਲਾ ਰਹੀ ਨਰਿੰਦਰ ਮੋਦੀ ਟੀਮ ਉੱਤਰ ਪ੍ਰਦੇਸ਼ ਵਿੱਚ ਯੋਗੀ ਆਦਿੱਤਿਆਨਾਥ ਦੇ ਪਰ ਕੁਤਰਨਾ ਚਾਹੁੰਦੀ ਹੈ, ਤਾਂ ਕਿ ਉਹ ਦਿੱਲੀ ਨੂੰ ਮੂੰਹ ਕਰਨ ਦੀ ਸਮਰੱਥਾ ਵਾਲਾ ਆਗੂ ਨਾ ਰਹਿ ਜਾਵੇ, ਪਰ ਉਸ ਦੇ ਪਰ ਕੁਤਰਨ ਵੇਲੇ ਇਹ ਵੀ ਚਿੰਤਾ ਹੈ ਕਿ ਜੇ ਉੱਤਰ ਪ੍ਰਦੇਸ਼ ਵਿੱਚ ਰਾਜਸੀ ਚੋਟ ਵੱਡੀ ਲਾ ਬੈਠੇ ਤਾਂ ਅਗਲੀ ਵਾਰੀ ਉਸ ਦਾ ਅਸਰ ਲੋਕ ਸਭਾ ਚੋਣਾਂ ਉੱਤੇ ਪੈ ਸਕਦਾ ਹੈ। ਕੇਂਦਰ ਸਰਕਾਰ ਦੀ ਵਾਗ ਸਾਂਭਣ ਲਈ ਲੋਕ ਸਭਾ ਵਿੱਚ ਜਿਹੜਾ ਬਹੁ-ਮੱਤ ਚਾਹੀਦਾ ਹੈ, ਉਸ ਦੀਆਂ ਅੱਸੀ ਸੀਟਾਂ ਇੱਕੋ ਰਾਜ ਉੱਤਰ ਪ੍ਰਦੇਸ਼ ਵਿੱਚ ਹਨ ਤੇ ਇਸ ਵਕਤ ਇਨ੍ਹਾਂ ਅੱਸੀਆਂ ਵਿੱਚੋਂ ਪੈਂਹਠ ਦੇ ਕਰੀਬ ਨਰਿੰਦਰ ਮੋਦੀ ਦੇ ਨਾਲ ਹਨ, ਜੇ ਉਹ ਪੈਂਹਠ ਪਾਸੇ ਰੱਖੋ ਤਾਂ ਕੇਂਦਰ ਵਿੱਚ ਭਾਜਪਾ ਦੀ ਹਾਲਤ ਪਤਲੀ ਹੋਣ ਕਾਰਨ ਉਹ ਭਾਈਵਾਲ ਧਿਰਾਂ ਦੀ ਮਦਦ ਦੀ ਮੁਥਾਜ ਹੋ ਕੇ ਰਹਿ ਜਾਂਦੀ ਹੈ। ਇਸ ਹਾਲਤ ਤੋਂ ਬਚਣ ਲਈ ਨਰਿੰਦਰ ਮੋਦੀ ਟੀਮ ਦੀ ਮਜਬੂਰੀ ਹੈ ਕਿ ਯੋਗੀ ਆਦਿੱਤਿਆਨਾਥ ਨੂੰ ਹੋਰ ਉੱਭਾਰ ਤੋਂ ਰੋਕਦੇ ਵਕਤ ਵੀ ਇਹ ਖਿਆਲ ਰੱਖਿਆ ਜਾਵੇ ਕਿ ਉਸ ਨੂੰ ਛਾਂਗਣ ਦੀ ਮਾਰ ਕੇਂਦਰ ਸਰਕਾਰ ਲਈ ਹੋਰ ਦੋਂਹ ਸਾਲਾਂ ਨੂੰ ਹੋਣ ਵਾਲੀਆਂ ਚੋਣਾਂ ਤੱਕ ਨਾ ਪਹੁੰਚ ਜਾਵੇ। ਲਖੀਮਪੁਰ ਖੀਰੀ ਵਾਲੇ ਕੇਸ ਵਿੱਚ ਫਸਿਆ ਅਜੇ ਕੁਮਾਰ ਮਿਸ਼ਰਾ ਏਸੇ ਹਾਲਾਤ ਵਿੱਚ ਇਨ੍ਹਾਂ ਦੋਵਾਂ ਧਿਰਾਂ ਵਿਚਾਲੇ ਰੰਗ ਦਾ ਪੱਤਾ ਬਣਿਆ ਵਜ਼ੀਰੀ ਮਾਣ ਰਿਹਾ ਹੈ, ਕਿਉਂਕਿ ਉਸ ਪਿੱਛੇ ਇੱਕ ਖਾਸ ਭਾਈਚਾਰਾ ਖੜਾ ਹੋਣ ਕਾਰਨ ਉਸ ਦੀ ਨਾਰਾਜ਼ਗੀ ਮਹਿੰਗੀ ਪੈ ਸਕਦੀ ਹੈ। ਜਦੋਂ ਯੋਗੀ ਆਦਿੱਤਿਆਨਾਥ ਦੀ ਟੀਮ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਸਾਹਮਣੇ ਸਾਫ-ਸੁਥਰਾ ਅਕਸ ਲੈ ਕੇ ਜਾਣ ਲਈ ਕੇਂਦਰੀ ਮੰਤਰੀ ਅਜੇ ਕੁਮਾਰ ਮਿਸ਼ਰਾ ਦੀ ਬਲੀ ਦੇਣ ਵਾਸਤੇ ਮਨ ਬਣਾਈ ਬੈਠੀ ਜਾਪਦੀ ਹੈ, ਨਰਿੰਦਰ ਮੋਦੀ ਟੀਮ ਏਦਾਂ ਹੋਣ ਤੋਂ ਇਸ ਲਈ ਰੋਕਦੀ ਹੈ ਕਿ ਉਸ ਦਾ ਜਾਣਾ ਯੋਗੀ ਲਈ ਕੁਝ ਫਾਇਦੇ ਵਾਲਾ ਹੋਵੇ ਜਾਂ ਨਾ, ਪਾਰਲੀਮੈਂਟ ਚੋਣਾਂ ਦੀ ਜੰਗ ਵਿੱਚ ਭਾਜਪਾ ਦੀ ਬੇੜੀ ਬਹਾ ਸਕਦਾ ਹੈ।

ਐਨ ਓਦੋਂ, ਜਦੋਂ ਲੋਕ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਗਲੇ ਪੰਜ ਸਾਲਾਂ ਦੇ ਰਾਜ ਕਰਤੇ ਚੁਣਨ ਦੀ ਚਿੰਤਾ ਕਰ ਰਹੇ ਹਨ, ਦੇਸ਼ ਦੀ ਸਰਕਾਰ ਚਲਾ ਰਹੀ ਪਾਰਟੀ ਭਾਜਪਾ ਦੀ ਲੀਡਰਸ਼ਿਪ ਇੱਕ ਵਾਰ ਫਿਰ ਲਾਲ ਕ੍ਰਿਸ਼ਨ ਅਡਵਾਨੀ ਤੇ ਅਟਲ ਬਿਹਾਰੀ ਵਾਜਪਾਈ ਵਾਲੀ ਖਿੱਚੋਤਾਣ ਵਿੱਚ ਫਸੀ ਨਜ਼ਰ ਪੈਂਦੀ ਹੈ। ਉਸ ਵੇਲੇ ਵਾਜਪਾਈ ਧੜੇ ਦੀ ਉਠਾਣ ਨਾਲ ਕੱਟੜਪੰਥੀਆਂ ਦਾ ਅਡਵਾਨੀ ਧੜਾ ਪਿੱਛੇ ਹਟਣ ਲਈ ਮਜਬੂਰ ਹੁੰਦਾ ਸੀ, ਇਸ ਵਾਰ ਉਨ੍ਹਾਂ ਨਾਲੋਂ ਵੱਡੇ ਕੱਟੜਪੰਥੀਆਂ ਦਾ ਨਰਿੰਦਰ ਮੋਦੀ ਧੜਾ ਆਪਣੇ ਤੋਂ ਵੱਡੇ ਕੱਟੜਪੰਥੀ ਯੋਗੀ ਆਦਿੱਤਿਆਨਾਥ ਦੇ ਧੜੇ ਅੱਗੇ ਕਮਜ਼ੋਰ ਪੈਂਦਾ ਜਾਪਦਾ ਹੈ, ਜਿਨ੍ਹਾਂ ਦੀ ਬਿਨਾਂ ਲੁਕਾਈ ਇੱਛਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਹੈ। ਸੰਸਾਰ ਪੱਧਰ ਦੇ ਆਪਣੇ ਅਕਸ ਅਤੇ ਇਸ ਅਕਸ ਨਾਲ ਮਿਲਦੇ ਮਾਣ-ਸਨਮਾਨ ਦੇ ਬੋਝ ਹੇਠ ਨਰਿੰਦਰ ਮੋਦੀ ਉਸ ਕੱਟੜਪੰਥੀ ਧੜੇ ਅੱਗੇ ਇੱਕਦਮ ਝੁਕਣ ਤੋਂ ਇਸ ਵਕਤ ਬਚਦਾ ਅਤੇ ਉਨ੍ਹਾਂ ਦਾ ਰਾਹ ਰੋਕਦਾ ਜਾਪਦਾ ਹੈ, ਪਰ ਇੱਕ ਗੱਲ ਪੱਕੀ ਹੈ ਕਿ ਜੇ ਉਸ ਦੀ ਇਹ ਕੋਸ਼ਿਸ਼ ਕਮਜ਼ੋਰ ਪੈਂਦੀ ਲੱਗੀ ਤਾਂ ਉਹ ਕੱਟੜਪੰਥੀਆਂ ਤੋਂ ਵੱਡਾ ਕੱਟੜਪੰਥੀ ਵੀ ਬਣ ਸਕਦਾ ਹੈ। ਭਾਰਤ ਦੇ ਪੰਜ ਰਾਜਾਂ ਦੀਆਂ ਇਹ ਚੋਣਾਂ ਭਵਿੱਖ ਦੇ ਭਾਰਤ ਨੂੰ ਏਨਾ ਬਦਲਣ ਵਾਲੀਆਂ ਵੀ ਹੋ ਸਕਦੀਆਂ ਹਨ ਕਿ ਜੇ ਯੋਗੀ ਧੜਾ ਹੋਰਨਾਂ ਧੜਿਆਂ ਨੂੰ ਕੱਟੜਪੰਥੀ ਠਿੱਬੀ ਲਾ ਗਿਆ ਤਾਂ ਜਿਹੜੇ ਬੁੱਧੀਜੀਵੀ ਅੱਜ ਵਾਜਪਾਈ ਦੇ ਨਾਲ ਅਡਵਾਨੀ ਨੂੰ ਵੀ ਮੋਦੀ ਮੁਕਾਬਲੇ 'ਕੁਝ ਮਾਡਰੇਟ' ਕਹਿੰਦੇ ਸੁਣੇ ਜਾਣ ਲੱਗੇ ਹਨ, ਉਹ ਕੁਝ ਸਮਾਂ ਲੰਘਾ ਕੇ ਮੋਦੀ ਬਾਰੇ ਵੀ ਇਹੋ ਕਹਿਣ ਲੱਗ ਜਾਣਗੇ। ਹਿੰਦੂਤੱਵ ਦੇ ਨਾਂਅ ਉੱਤੇ ਚੱਲਦੀ ਰਾਜਨੀਤੀ ਦਾ ਇਹੋ ਪੱਖ ਵਿਸ਼ੇਸ਼ ਹੈ ਕਿ ਹਰ ਲੀਡਰ ਪਹਿਲਿਆਂ ਤੋਂ ਵੱਧ ਕੱਟੜਪੰਥੀ ਨਿਕਲਦਾ ਹੈ। ਅਗਲੇ ਸਾਲ ਦੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦਾ ਇਹ ਅਲੋਕਾਰ ਪੱਖ ਦੇਸ਼ ਦੀ ਬਹਿਸ ਦਾ ਹਿੱਸਾ ਨਹੀਂ ਬਣ ਰਿਹਾ।






## ਬੇਅਦਬੀ ਮਾਮਲੇ ਵਿਚ ਐੱਸ ਆਈ ਟੀ ਮੁਤਾਬਕ ਡੇਰਾ ਮੁਖੀ ਦੀ ਹਿਰਾਸਤ ਜ਼ਰੂਰੀ

ਚੰਡੀਗੜ੍ਹ, 23 ਦਸੰਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਲ 2015 ਵਿੱਚ ਹੋਏ ਬੇਅਦਬੀ ਕਾਂਡਬਾਰੇ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਟੀ) ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਤੋਂ ਹਰਿਆਣੇ ਦੀ ਸੁਨਾਰੀਆ ਜੇਲ੍ਹ ਵਿੱਚ ਜਾ ਕੇ ਪੁੱਛਗਿੱਛ ਕਰ ਚੁੱਕੀ ਹੈ, ਪਰ ਉਸ ਨੇ ਸਹਿਯੋਗ ਨਹੀਂ ਦਿੱਤਾ। ਐੱਸ ਆਈ ਟੀਦਾ ਕਹਿਣਾ ਹੈ ਕਿ ਸਹੀ ਜਾਂਚ ਲਈ ਉਸ ਤੋਂ ਹਿਰਾਸਤ ਵਿੱਚ ਪੁੱਛਗਿੱਛ ਕਰਨਾ ਜ਼ਰੂਰੀ ਹੈ। ਇਹ ਗੱਲਐੱਸ ਆਈ ਟੀ ਨੇ ਕੱਲ੍ਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਕਹੀ ਹੈ।

ਦੂਸਰੇ ਪਾਸੇ ਡੇਰਾ ਮੁਖੀ ਰਾਮ ਰਹੀਮ ਦੇ ਵਕੀਲ ਕਨਿਕਾ ਆਹੂਜਾ ਨੇ ਦਲੀਲ ਦਿੱਤੀ ਕਿ ਡੇਰਾ ਮੁਖੀ ਦੋਕੇਸਾਂ ਵਿੱਚ ਜੇਲ੍ਹ ਵਿੱਚ ਹੈ ਅਤੇ ਐਸ ਆਈ ਟੀ ਨੇ ਸਾਲ 2020 ਵਿੱਚਉਸ ਨੂੰ ਇਸ ਕੇਸ ਦਾ ਦੋਸ਼ੀ ਬਣਾਇਆ ਸੀ, ਫਿਰ ਹਿਰਾਸਤ ਵਿੱਚ ਲੈਣ ਦੀ ਇਸ ਵਕਤ ਜ਼ਰੂਰਤ ਨਹੀਂ। ਸਾਰੀਆਂ ਧਿਰਾਂ ਨੂੰ ਸੁਣਨ ਪਿੱਛੋਂ ਕੋਰਟ ਨੇ ਕਿਹਾ ਕਿ ਉਸ ਦੀ ਰਾਏ ਹੈ ਕਿ ਜੇ ਟਰਾਇਲ ਕੋਰਟ ਦੇ ਹੁਕਮ



ਮੁਤਾਬਕ ਪ੍ਰੋਡਕਸ਼ਨ ਵਾਰੰਟ ਉੱਤੇ ਡੇਰਾ ਮੁਖੀ ਨੂੰ ਫਰੀਦਕੋਟ ਭੇਜਿਆ ਜਾਵੇ ਅਤੇ ਜੇ ਟਰਾਇਲ ਕੋਰਟ ਉਸ ਨੂੰ ਰਿਮਾਂਡ ਉੱਤੇ ਭੇਜ ਦਿੰਦੀ ਹੈ ਤਾਂ ਉਸ ਹਾਲਤ ਵਿੱਚ ਡੇਰਾ ਮੁਖੀ ਨੂੰ ਉਸ ਦੇ ਕਾਨੂੰਨੀ ਅਧਿਕਾਰ ਦੀ ਵਰਤੋਂ ਕਰਨ ਦਾ ਸਮਾਂ ਨਹੀਂ ਮਿਲ ਸਕੇਗਾ। ਹਾਈ ਕੋਰਟ ਨੇ ਇਸ ਕੇਸ ਦੀ ਅਗਲੀ ਸੁਣਵਾਈ ਛੇ ਜਨਵਰੀ ਦੀ ਰੱਖੀ ਹੈ।

ਇਸ ਕੇਸ ਦੀ ਸੁਣਵਾਈਮੌਕੇ ਪੰਜਾਬ ਸਰਕਾਰ ਵੱਲੋਂ ਬੇਅਦਬੀ ਕੇਸ ਦੀ ਜਾਂਚ ਲਈ ਬਣਾਈ ਐਸ ਆਈ ਟੀ ਨੇ ਜਵਾਬ ਪੇਸ਼ ਕਰ ਕੇ ਕਿਹਾ ਕਿ ਹਾਈ ਕੋਰਟ ਦੇ ਹੁਕਮਾਂ ਉੱਤੇ ਐਸ ਆਈ ਟੀ ਨੇ ਸੁਨਾਰੀਆ ਜੇਲ੍ਹ ਵਿੱਚ ਜਾ ਕੇ ਡੇਰਾ ਮੁਖੀ ਤੋਂ ਪੁੱਛਗਿੱਛ ਕੀਤੀ ਸੀ ਤਾਂ ਡੇਰਾ ਮੁਖੀ ਸਵਾਲਾਂ ਨੂੰ ਟਾਲਦਾ ਰਿਹਾ ਤੇ ਪੁੱਛਗਿੱਛ ਵਿੱਚ ਸਹਿਯੋਗ ਨਹੀਂ ਕੀਤਾ।ਐੱਸ ਆਈ ਟੀ ਨੇ ਇਸ ਕੇਸ ਦੇ ਕਈ ਦੋਸ਼ੀਆਂ ਦੇ ਬਿਆਨ ਵੀ ਹਾਈ ਕੋਰਟ ਨੂੰ ਸੌਂਪ ਕੇ ਕਿਹਾ ਕਿ ਇਹ ਡੇਰੇ ਨਾਲ ਜੁੜੇ ਰਹੇ ਹਨ ਤੇ ਡੇਰੇ ਦੇ ਸ਼ਰਧਾਲੂ ਡੇਰਾ ਮੁਖੀ ਤੋਂ ਪੁੱਛੇ ਬਿਨਾਂ ਕੋਈ ਕੰਮ ਨਹੀਂ ਕਰਦੇ ਸਨ। ਇਸ ਲਈ ਡੇਰਾ ਮੁਖੀ ਤੋਂ ਪੁੱਛਗਿੱਛ ਕਰਨ ਲਈ ਫਰੀਦਕੋਟ ਦੀ ਟਰਾਇਲ ਕੋਰਟ ਵੱਲੋਂ ਡੇਰਾ ਮੁਖੀ ਦੇ ਪ੍ਰੋਡਕਸ਼ਨ ਵਾਰੰਟ ਦੇ ਹੁਕਮ ਬਿਲਕੁਲ ਸਹੀ ਹਨ ਅਤੇ ਇਨ੍ਹਾਂ ਵਾਰੰਟਾਂ ਨੂੰ ਬਰਕਰਾਰ ਰੱਖਿਆ ਜਾਵੇ ਤੇ ਡੇਰਾ ਮੁਖੀ ਦੀ ਪਟੀਸ਼ਨ ਨੂੰ ਰੱਦ ਕੀਤਾ ਜਾਵੇ।

## ਕੱਪੜਾ ਵਪਾਰੀ ਤੋਂ ਢਾਈ ਲੱਖ ਰੁਪਏ ਦੀ ਲੁੱਟ

ਜਲੰਧਰ ਛਾਉਣੀ, 23 ਦਸੰਬਰ (ਪੋਸਟ ਬਿਊਰੋ)- ਜਲੰਧਰ ਛਾਉਣੀ ਵਿੱਚ ਕੱਲ੍ਹ ਦਿਨ-ਦਿਹਾੜੇ ਇੱਕ ਕੱਪੜਾ ਵਪਾਰੀ ਤੋਂ ਲੁਟੇਰਿਆਂ ਨੇ ਢਾਈ ਲੱਖ ਰੁਪਏ ਲੁੱਟ ਲਏ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਕੱਪੜਾ ਵਪਾਰੀ ਕਿਸ਼ਨ ਗੁਪਤਾ ਨੇ ਕੈਂਟ ਥਾਣੇ ਵਿੱਚ ਕੀਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਨ੍ਹਾਂ ਦੀ ਜਲੰਧਰ ਪੀਰ ਬੋਦਲਾਂ ਬਾਜ਼ਾਰ ਵਿੱਚ ਕੱਪੜੇ ਦੀ ਦੁਕਾਨ ਹੈ ਅਤੇ ਉਹ ਜਲੰਧਰ ਛਾਉਣੀ ਵਿੱਚ ਵੱਖ-ਵੱਖ ਵਪਾਰੀਆਂ ਨੂੰ ਕੱਪੜਾ ਸਪਲਾਈ ਕਰਦਾ ਹੈ ਤੇ ਕੱਲ੍ਹ ਦੁਕਾਨਦਾਰਾਂ ਤੋਂ ਉਗਰਾਹੀ ਕਰਨ ਆਇਆ ਸੀ। ਵਾਪਸੀ ਉੱਤੇ ਜਦੋਂ ਉਹ ਗਲੀ ਵਿੱਚ ਪੈਦਲ ਜਾ ਰਿਹਾ ਸੀ ਤਾਂ ਜੈਨ ਮੰਦਰ ਨੇੜੇ ਕੈਂਟ ਥਾਣੇ ਦੇ ਬਿਲਕੁਲ ਨੇੜੇ ਇੱਕ ਥ੍ਰੀ ਵ੍ਹੀਲਰ ਵਾਲੇ ਨੇ ਉਸ ਤੋਂ ਮਦਦ ਮੰਗੀ ਅਤੇ ਉਸ ਨੇ ਉਸਦੀ ਮਦਦ ਕਰਨੀ ਚਾਹੀ ਤਾਂ ਦੇਖਿਆ ਕਿ ਕੁਝ ਮਿੰਟਾਂ ਵਿੱਚ ਉਸਦੇ ਬੈਗ ਵਿੱਚ ਪਿਆ ਕੈਸ਼ ਦਾ ਇੱਕ ਅਲੱਗ ਬੈਗ ਗਾਇਬ ਸੀ। ਲੁੱਟੇ ਗਏ ਵਪਾਰੀ ਦਾ ਰੌਲਾ ਸੁ ਕੇ ਆਸ-ਪਾਸ ਦੇ ਦੁਕਾਨਦਾਰ ਇਕੱਠੇ ਹੋ ਗਏ। ਸ਼ਿਕਾਇਤ ਤੋਂ ਬਾਅਦ ਕੈਂਟ ਪੁਲਸ ਨੇ ਘਟਨਾ ਸਥਾਨ ਦੇ ਆਸ-ਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸ੍ਰੀ ਹਰਿਮੰਦਰ ਸਾਹਿਬ ਵਿੱਚ ਬੇਅਦਬੀ ਦੇ ਦੋਸ਼ੀ ਦਾ ਪੋਸਟਮਾਰਟਮ ਤੋਂ ਬਾਅਦ ਸਸਕਾਰ

ਅੰਮ੍ਰਿਤਸਰ, 23 ਦਸੰਬਰ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਵਿਖੇ ਬੇਅਦਬੀ ਕਰਨ ਵਾਲੇ ਦੋਸ਼ੀ ਦੀ ਮੌਤ ਤੋਂ 72 ਘੰਟੇ ਬਾਅਦ ਕੱਲ੍ਹ ਉਸਦਾ ਪੋਸਟਮਾਰਟਮ ਕਰਵਾ ਕੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ।

ਮਿਲੀ ਜਾਣਕਾਰ ਉਸ ਦੀ ਲਾਸ਼ ਦਾ ਪੋਸਟਮਾਰਟਮ ਜ਼ਿਲ੍ਹਾ ਸਿਵਲ ਹਸਪਤਾਲ ਵਿਖੇ ਕੀਤਾ ਗਿਆ ਤੇ ਇਸ ਦੌਰਾਨ ਵੀਡੀਓਗ੍ਰਾਫੀ ਵੀ ਕੀਤੀ ਗਈ। ਹਸਪਤਾਲ ਪ੍ਰਸ਼ਾਸਨ ਨੇ ਪੋਸਟਮਾਰਟਮ ਲਈ ਡਾ. ਅਸ਼ੀਸ਼, ਡਾ. ਰਵੀ. ਡਾ. ਅਰਸ਼ਦੀਪ, ਡਾ. ਤਲਵਿੰਦਰ, ਡਾ. ਜੈਸਮੀਨ ਉੱਤੇ ਆਧਾਰਤ ਬੋਰਡ ਬਣਾਇਆ ਸੀ। 2 ਘੰਟੇ ਤਕ ਚੱਲੇ ਪੋਸਟਮਾਰਮਟ ਦੀ ਜਾਂਚ ਤੋਂ ਪਤਾ ਲੱਗਾ ਕਿ ਦੋਸ਼ੀ ਦੀ ਮੌਤ ਸਿਰ ਦੀ ਹੱਡੀ ਟੁੱਟਣ ਨਾਲ ਹੋਈ ਹੈ। ਇਸ ਤੋਂ ਬਿਨਾ ਉਸ ਦੇ ਸਾਰੇ ਸਰੀਰ ਉੱਤੇ ਜ਼ਖ਼ਮਾਂ ਦੇ ਨਿਸ਼ਾਨ ਅਤੇ ਨੀਲ ਵੀ ਸਨ ਅਤੇ ਗਰਦਨ ਉੱਤੇ ਵੀ ਜ਼ਖ਼ਮ ਸੀ, ਮ੍ਰਿਤਕ ਦੀ ਉਮਰ 25 ਤੋਂ 30 ਸਾਲ ਦੇ ਵਿਚਾਲੇ ਸੀ। ਡਾਕਟਰਾਂ ਵੱਲੋਂ ਡੀ ਐਨ ਏ ਲਈ ਮ੍ਰਿਤਕ ਦੇ ਸਰੀਰ ਦੇ ਕੁਝ ਅੰਗਾਂ ਨੂੰ ਜਾਂਚ ਲਈ ਰੱਖਿਆ ਗਿਆ ਤੇ ਉਂਗਲਾਂ ਦੇ ਨਿਸ਼ਾਨ ਵੀ ਲਏ ਗਏ ਹਨ। ਸੀਨੀਅਰ ਮੈਡੀਕਲ ਅਫ਼ਸਰ ਡਾ. ਚੰਦਰਮੋਹਨ ਨੇ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਵਿਸਰਾ ਜਾਂਚ ਲਈ ਮੋਹਾਲੀ ਭੇਜਿਆ ਜਾਵੇਗਾ। ਇਸ ਤੋਂ ਬਿਨਾ ਜਾਂਚ ਲਈ ਮੈਡੀਕਲ ਕਾਲਜ ਅੰਮ੍ਰਿਤਸਰ ਨੂੰ ਵਿਸਥਾਰਤ ਰਿਪੋਰਟ ਭੇਜੀ ਜਾਵੇਗੀ।

## ਸਟੇਟ ਅਵਾਰਡੀ ਡਾ. ਜਗਦੀਪ ਸੰਧੂ ਫਿਰੋਜ਼ਪੁਰ ਵਿਖੇ ਬਤੌਰ ਜ਼ਿਲ੍ਹਾ ਭਾਸ਼ਾ ਅਫਸਰ ਨਿਯੁਕਤ

ਫਿਰੋਜ਼ਪੁਰ, 23 ਦਸੰਬਰ (ਗਿਆਨ ਸਿੰਘ)- ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਖਾਲੀ ਪਏ ਜਿਲ੍ਹਾ ਭਾਸ਼ਾ ਅਫਸਰਾਂ ਦੇ ਅਹੁਦਿਆਂ ਤੇ ਪ੍ਰਤੀਨਿਯੁਕਤੀਆਂ ਕੀਤੀਆਂ ਗਈਆਂ ਹਨ। ਇਸ ਉਪਰਾਲੇ ਦਾ ਵੱਖ-ਵੱਖ ਸਾਹਿਤਕ ਹਲਕਿਆਂ ਅਤੇ ਪੰਜਾਬੀ ਹਿਤੇਸ਼ੀਆਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ. ਇਸੇ ਤਹਿਤ ਜ਼ਿਲ੍ਹਿਾ ਫਿਰੋਜ਼ਪੁਰ ਵਿਖੇ ਵੀ ਡਾ. ਜਗਦੀਪ



ਸਿੰਘ ਸੰਧੂ (ਸਟੇਟ ਅਵਾਰਡੀ) ਨੂੰ ਬਤੌਰ ਜ਼ਿਲ੍ਹਾ ਭਾਸ਼ਾ ਅਫਸਰ ਨਿਯੁਕਤ ਕੀਤਾ ਗਿਆ। ਡਾ. ਸੰਧੂ ਨੇ ਸਿੱਖਿਆ ਵਿਭਾਗ ਵਿੱਚ 15 ਸਾਲ ਬਤੌਰ ਪੰਜਾਬੀ ਲੈਕ. ਸੇਵਾਵਾਂ ਨਿਭਾਈਆਂ ਹਨ ਅਤੇ ਉਹ ਰੰਗਮੰਚ ਨਾ਼ਲ ਜੁੜੇ ਹੋਏ ਕਲਾਕਾਰ ਹਨ। ਉਹਨਾਂ ਅਹੁਦਾ ਸੰਭਾਲਦਿਆਂ ਹੀ ਫਿਰੋਜ਼ਪੁਰ ਜ਼ਿਲ੍ਹੇ ਦੇ ਸਾਹਿਤਕਾਰ, ਕਲਾਕਾਰ, ਪਾਠਕ ਅਤੇ ਪੰਜਾਬੀਅਤ ਨਾ਼ਲ ਮੋਹ ਰੱਖਣ ਵਾਲਿਆਂ ਨਾ਼ਲ ਰਾਬਤਾ ਕਾਇਮ ਕਰਕੇ ਭਾਸ਼ਾ ਵਿਭਾਗ ਨਾ਼ਲ ਜੋੜਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਸਿੱਟੇ ਵਜੋਂ ਹੁਣ ਭਾਸ਼ਾ ਵਿਭਾਗ ਫਿਰੋਜ਼ਪੁਰ ਦੇ ਦਫ਼ਤਰ ਵਿੱਚ ਸਾਹਿਤ,ਕਲਾ ਅਤੇ ਪੁਸਤਕ ਪ੍ਰੇਮੀਆਂ ਦੇ ਆਉਣ ਨਾ਼ਲ ਰੌਣਕ ਲੱਗੀ ਰਹਿੰਦੀ ਹੈ। ਇਸ ਮੌਕੇ ਤੇ ਡਾ. ਜਗਦੀਪ ਨੇ ਕਿਹਾ ਕਿ ਪੰਜਾਬੀ ਜਨ-ਮਾਨਸ ਵਿੱਚ ਪਾਠਕ ਪੈਦਾ ਕਰਨ ਵਿੱਚ ਭਾਸ਼ਾ ਵਿਭਾਗ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਉਹਨਾਂ ਕਿਹਾ ਕਿ ਇਹ ਵਿਭਾਗ ਮਾਤ-ਭਾਸ਼ਾ ਪ੍ਰਤੀ ਵਚਨਬੱਧ ਹੈ ਅਤੇ ਫਿਰੋਜ਼ਪੁਰ ਵਾਸੀਆਂ ਨੂੰ ਭਾਸ਼ਾ ਵਿਭਾਗ ਨਾ਼ਲ ਜੋੜ ਕੇ ਗਤੀਵਿਧੀਆਂ ਆਰੰਭੀਆਂ ਜਾਣਗੀਆਂ।

## ਆਖਿਰ ਕੌਣ ਖੋਹਣਾ ਚਾਹੁੰਦਾ ਹੈ ਪੰਜਾਬ ਦੀ ਸ਼ਾਂਤੀ: ਜਸਵੀਰ ਸਿੰਘ ਗੜ੍ਹੀ

* ਲੁਧਿਆਣਾ ਬੰਬ ਘਟਨਾ ਦੀ ਕੀਤੀ ਨਿੰਦਾ ਅਤੇ ਐਨ ਆਈ ਏ ਜਾਂਚ ਦੀ ਕੀਤੀ ਮੰਗ

ਚੰਡੀਗੜ੍ਹ 23 ਦਸੰਬਰ (ਗਿਆਨ ਸਿੰਘ )- ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ ਨੇ ਲੁਧਿਆਣਾ ਕੋਰਟ 'ਚ ਹੋਏ ਬੰਬ ਧਮਾਕਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਇਸ ਨੂੰ ਪੰਜਾਬ ਦੀ ਕਾਂਗਰਸ ਸਰਕਾਰ ਦੀ ਨਾਕਾਮੀ ਦੱਸਿਆ ਹੈ ਅਤੇ ਲੁਧਿਆਣਾ ਬੰਬ ਬਲਾਸਟ ਬਾਰੇ ਬੋਲਦਿਆਂ ਕਿਹਾ ਕਿ ਮੈਨੂੰ ਇਸ ਘਟਨਾ ਦਾ ਬਹੁਤ ਦੁੱਖ ਪੁੱਜਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਨਜਦੀਕ ਆ ਰਹੀਆਂ ਹਨ, ਬੀਤੇ 10 ਦਿਨਾਂ 'ਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋ ਰਹੀਆ ਘਟਨਾਵਾਂ ਨਾਲ ਸੂਬੇ ਦਾ ਮਾਹੌਲ ਖ਼ਰਾਬ ਕਰਨ ਦੀ ਸਾਜਿਸ਼ ਕੀਤੀ ਜਾ ਰਹੀ ਹੈ। ਸ. ਗੜ੍ਹੀ ਨੇ ਕਿਹਾ ਕਿ ਪਹਿਲਾਂ ਅਮ੍ਰਿਤਸਰ ਦਰਬਾਰ ਸਾਹਿਬ ਤੇ ਫਿਰ ਕਪੂਰਥਲਾ ਵਿੱਚ ਬੇਅਦਬੀ ਤੇ ਬੇਹੁਰਮਤੀ ਦੀ ਘਟਨਾ ਨੂੰ



ਅੰਜਾਮ ਦੇਣ ਦਾ ਘਿਨੌਣਾ ਕੰਮ ਕੀਤਾ ਗਿਆ ਅਤੇ ਹੁਣ ਲੁਧਿਆਣਾ ਸ਼ਹਿਰ ਵਿੱਚ ਹੋਏ ਬੰਬ ਬਲਾਸਟ ਦੀ ਘਟਨਾ ਤੋਂ ਸਪੱਸ਼ਟ ਹੋ ਗਿਆ ਹੈ ਕਿ ਸ਼ਰਾਰਤੀ ਲੋਕ ਪੰਜਾਬ ਦਾ ਮਾਹੌਲ ਵਿਗਾੜਨਾ ਚਾਹੁੰਦੇ ਹੈ। ਕਦੇ ਬੇਅਦਬੀ, ਕਦੇ ਬਲਾਸਟ ਆਖਿਰ ਕੌਣ ਖੋਹਣਾ ਚਾਹੁੰਦਾ ਹੈ ਪੰਜਾਬ ਦੀ ਸਾਂਤੀ? ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅਸਥਿਰ ਕਰ ਪੰਜਾਬੀਆਂ ਨੂੰ ਡਰਾਇਆ ਜਾ ਰਿਹਾ ਹੈ। ਡਰ ਦੇ ਮਾਹੌਲ ਚੋ ਵੋਟ ਲੈਣ ਦੀ ਸਾਜਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਾਂਗਰਸ ਦੇ ਹਮਲਾ ਕਰਦਿਆ ਇਸ ਘਟਨਾ ਲਈ ਸਿੱਧੇ ਰੂਪ 'ਚ ਪੰਜਾਬ ਦੀ ਕਾਂਗਰਸ ਸਰਕਾਰ ਅਤੇ ਮੁੱਖਮੰਤਰੀ ਚਰਨਜੀਤ ਸਿੰਘ ਚੰਨੀ ਜ਼ਿੰਮੇਦਾਰ ਹਨ । ਉਨ੍ਹਾਂ ਕਿਹਾ ਕਿ ਜਦੋਂ ਤੋਂ ਕਾਂਗਰਸ ਦੀ ਸਰਕਾਰ ਪੰਜਾਬ ਦੀ ਸੱਤਾ ਵਿੱਚ ਆਈ ਹੈ, ਉਦੋਂ ਤੋਂ ਹੀ ਸੂਬੇ ਵਿੱਚ ਅਸੁਰੱਖਿਆ ਦਾ ਮਾਹੌਲ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਸੂਬਾ ਵਾਸੀਆਂ ਨੂੰ ਜਿਊਣ ਦਾ ਸੁਰੱਖਿਅਤ ਮਾਹੌਲ ਦੇਣ ਵਿੱਚ ਅਸਮਰਥ ਹੈ। ਸ. ਗੜ੍ਹੀ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ ਬਲਾਸਟ ਦੇ ਪਿੱਛੇ ਕਿਹੜੀ ਏਜੰਸੀ ਜਾਂ ਗੈਂਗ ਹੈ, ਇਸ ਸਬੰਧੀ ਰਾਸ਼ਟਰੀ ਜਾਂਚ ਏਜੰਸੀ ਤੋਂ ਪੜਤਾਲ ਕਰਾਈ ਜਾਵੇ ਅਤੇ ਸੱਚਾਈ ਲੋਕਾਂ ਦੇ ਸਾਹਮਣੇ ਲਿਆਈ ਜਾਵੇ।

MANN LAW FIRM

- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration

Maninder S. Mann B.A. (Hons.), LLB

BARRISTER SOLICITOR NOTARY

Address: 2130 North Park Dr. Suite 246 Brampton, ON L6S 0C9 www.mannlawfirm.ca

T: 905 799 9333



INSURANCE

- Home
- Auto
- Business
- Trucking
- Life Insurance
- Commercial

647-206-2452

Sukhwinder K Singh



CONNEX 7050A Bramalea Rd, Unit # 13, Mississauga, ON L5S 1T1




ਤੁਹਾਨੂੰ ਅਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ 2022 ਦੀਆਂ ਲੱਖ ਲੱਖ ਵਧਾਈਆਂ ਹੋਣ ਜੀ ।

JAGDISH GREWAL | Sales Representative | Call - (416)970-5005 | Email - jagdish@grewalhomes.com

JAS TOOR | Sales Representative | Call - (647)242-8667 | Email - realtorjastoor@gmail.com



Sutton

Century 21






# ਇਨਕਮ ਟੈਕਸ ਵਿਭਾਗ ਦੀ ਗ਼ਲਤੀ ਕਾਰਨ ਭਾਰਤ ਸਰਕਾਰ ਨੂੰ 12 ਹਜ਼ਾਰ ਕਰੋੜ ਤੋਂ ਵੱਧ ਨੁਕਸਾਨ

ਨਵੀਂ ਦਿੱਲੀ, 23 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਇਨਕਮ ਟੈਕਸ ਵਿਭਾਗ ਦੇ ਟੈਕਸ ਮੁਲਾਂਕਣ ਅਤੇ ਗਿਣਤੀ ਦੀ ਗ਼ਲਤੀ ਕਾਰਨ 12,476 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਕੰਪ-ਟਰੋਲਰ ਅਤੇ ਆਡੀਟਰ ਜਨਰਲ (ਕੈਗ) ਨੇ ਕੱਲ੍ਹ ਕੇਂਦਰੀ ਪ੍ਰਤੱਖ ਟੈਕਸ ਬੋਰਡ (ਸੀ ਬੀ ਡੀ ਟੀ) ਨੂੰ ਇਨ੍ਹਾਂ ਗ਼ਲਤੀਆਂ ਤੋਂ ਬਚਣ ਲਈ ਫੂਲ-ਪਰੂਫ਼ ਆਈ ਟੀ ਸਿਸਟਮ ਅਤੇ ਅੰਦਰੂਨੀ ਕੰਟਰੋਲ ਸਿਸਟਮ ਨੂੰ ਸਥਾਪਤ ਕਰਨ ਦਾ ਸੁਝਾਅ ਦਿੱਤਾ ਹੈ।




ਪਾਰਲੀਮੈਂਟ ਵਿੱਚ ਪੇਸ਼ ਕੀਤੀ ਗਈ ਰਿਪੋਰਟ ਵਿੱਚ ਕੈਗ ਨੇ ਕਿਹਾ ਹੈ ਕਿ 12,476.53 ਕਰੋੜ ਰੁਪਏ ਦੇ 356 ਵੱਡੇ ਕੇਸਾਂ ਦਾ ਆਡਿਟ ਕਰਨ ਤੋਂ ਪਤਾ ਲੱਗਾ ਹੈ ਕਿ ਇਸ ਵਿੱਚ ਕਈ ਤਰ੍ਹਾਂ ਦੀਆਂ ਗ਼ਲਤੀਆਂ ਹਨ। ਬਹੁਤੇ ਨੁਕ ਗੁਣਾਂ-ਤਕਸੀਮ ਨਾਲ ਸਬੰਧਤ ਹਨ, ਜਿਸ ਵਿੱਚ ਆਮਦਨ ਤੇ ਟੈਕਸ, ਵਿਆਜ ਲਾਉਣਾ, ਵਪਾਰ ਜਾਂ ਪੂੰਜੀ ਦਾ ਨੁਕਸਾਨ, ਘਾਟਾ, ਟੈਕਸ ਛੋਟ ਅਤੇ ਐਕਸਪੋਰਟਵਿੱਚ ਛੋਟ, ਕਾਰੋਬਾਰੀ ਖਰਚਿਆਂ ਦਾ ਗ਼ਲਤ ਭੱਤਾ, ਆਮਦਨ ਦਾ ਮੁਲਾਂਕਣ ਨਾ ਕਰਨ ਆਦਿ ਦੀਆਂ ਗ਼ਲਤੀਆਂ ਸ਼ਾਮਲ ਹਨ।ਕੈਗ ਨੇ ਦੇਖਿਆ ਹੈ ਕਿ ਵਧੇਰੇ ਰਕਮ ਵਾਲੇ 356 ਕੇਸਾਂ ਵਿੱਚੋਂ 38 ਘਟਨਾਵਾਂ ਵਿੱਚ 3,976.56 ਕਰੋੜ ਰੁਪਏ ਦੇ ਕੰਪਨੀ ਟੈਕਸ ਮੁਲਾਂਕਣ ਵਿੱਚ ਗੜਬੜੀ ਹੋਈ ਹੈ। ਕੰਟਰੋਲਰ ਅਤੇ ਆਡੀਟਰ ਜਨਰਲ ਨੇ ਕਿਹਾ ਕਿ ਟੈਕਸ ਅਤੇ ਓਵਰਲੋਡ ਦੀਆਂ ਗ਼ਲਤ ਦਰਾਂ ਲਾਉਣਾ ਅਤੇ ਵਿਆਜ ਲਗਾਉਣ ਵਿੱਚ ਖ਼ਾਮੀਆਂ ਹੋਣਾ ਇਨਕਮ ਟੈਕਸ ਵਿਭਾਗ ਦੇ ਇੰਟਰਨਲ ਕੰਟਰੋਲ ਵਿੱਚ ਕਮਜ਼ੋਰੀ ਦਾ ਸੰਕੇਤ ਹੈ, ਜਿਸ ਨੂੰ ਦੂਰ ਕਰਨ ਦੀ ਲੋੜ ਹੈ।

# ਰਾਫੇਲ ਦੇ ਮਿਜ਼ਾਈਲ ਸਿਸਟਮ ਬਣਾਉਣ ਵਾਲੀ ਕੰਪਨੀ ਨੂੰ ਭਾਰਤ ਵੱਲੋਂ 8.54 ਕਰੋੜ ਜੁਰਮਾਨਾ

ਨਵੀਂ ਦਿੱਲੀ, 23 ਦਸੰਬਰ (ਪੋਸਟ ਬਿਊਰੋ)- ਰਾਫੇਲ ਜਹਾਜ਼ ਸੌਦੇ ਵਿੱਚ ਆਫਸੈਟ ਜ਼ਿੰਮੇਵਾਰੀ ਪੂਰੀ ਕਰਨ ਵਿੱਚ ਦੇਰੀ ਲਈ ਯੂਰਪੀ ਮਿਜ਼ਾਈਲ ਨਿਰਮ-ਾਤਾ ਐਮ ਬੀ ਡੀ ਏ ਉੱਤੇ ਭਾਰਤ ਸਰਕਾਰ ਨੇ 10 ਲੱਖ ਯੂਰੋ (8,53,76,000 ਭਾਰਤੀ ਰੁਪਏ) ਦਾ ਜੁਰਮਾਨਾ ਲਾਇਆ ਹੈ। ਫਰਾਂਸ ਦੀ ਏਅਰਸਪੇਸ ਦੇ ਖੇਤਰ ਦੀ ਵੱਡੀ ਕੰਪਨੀ ਦਸਾਲਟ ਏਵੀਏਸ਼ਨ ਰਾਫੇਲ ਜਹਾਜ਼ ਬਣਾਉਂਦੀ ਹੈ ਅਤੇ ਐਮ ਬੀ ਡੀ ਏ ਜਹਾਜ਼ ਦਾ ਮਿਜ਼ਾਈਲ ਸਿਸਟਮ ਦੀ ਸਪਲਾਈ ਕਰਦੀ ਹੈ।



ਭਾਰਤ ਸਰਕਾਰ ਨੇ ਸਤੰਬਰ 2016 ਵਿੱਚ ਫਰਾਂਸ ਤੋਂ 59,000 ਕਰੋੜ ਰੁਪਏ ਦੀ ਲਾਗਤ ਦੇ 36 ਰਾਫੇਲ ਜਹਾਜ਼ ਖਰੀਦਣ ਲਈ ਅੰਤਰ-ਸਰਕਾਰੀ ਸਮਝੌਤੇ ਉੱਤੇਦਸਖਤ ਕੀਤੇ ਸਨ ਅਤੇ ਆਫਸੈਟ ਜ਼ਿੰਮੇਵਾਰੀ ਇਸ ਸਮਝੌਤੇ ਦਾ ਹਿੱਸਾ ਸੀ। ਜਾਣਕਾਰ ਸੂਤਰਾਂ ਨੇ ਕਿਹਾ ਕਿ ਐਮ ਬੀ ਡੀ ਏ ਨੇ ਆਪਣਾ ਜੁਰਮਾਨਾ ਜਮ੍ਹਾ ਕਰਾ ਦਿੱਤਾ ਹੈ, ਪਰ ਉਸ ਨੇ ਭਾਰਤ ਦੇ ਰੱਖਿਆ ਮੰਤਰਾਲੇ ਨੂੰ ਵਿਰੋਧ ਦਰਜ ਕਰਵ-ਾਇਆ ਹੈ। ਰਾਫ਼ੇਲ ਜੰਗੀ ਜਹਾਜ਼ ਦੀ ਪਹਿਲੀ ਖੇਪ ਪਿਛਲੇ ਸਾਲ ਜੁਲਾਈ ਵਿੱਚ ਭਾਰਤ ਆਈ ਸੀ। ਕੁੱਲ ਜਾਰੀ ਕੰਪਟਰੋਲਰ ਤੇ ਆਡੀਟਰ ਜਨਰਲ ਦੀ ਰਿਪੋਰਟ ਮੁਤਾਬਕ ਕੈਗ ਨੇ ਪਿਛਲੇ ਸਾਲ ਸਤੰਬਰ ਵਿੱਚ ਕਿਹਾ ਸੀ ਕਿ ਦਸਾਲਟ ਏਵੀਏਸ਼ਨ ਅਤੇ ਐਮ ਬੀ ਡੀ ਏ ਨੇ ਰਾਫੇਲ ਜਹਾਜ਼ ਸੌਦੇ ਵਿੱਚ ਭਾਰਤ ਨੂੰ ਉਚ ਟੈਕਨਾਲੋਜੀ ਦੀ ਪੇਸ਼ਕਸ਼ ਕਰਨ ਦੀ ਆਪਣੀ ਆਫਸੈਟ ਜ਼ਿੰਮੇਵਾਰੀ ਨੂੰ ਅਜੇ ਤਕ ਪੂਰਾ ਨਹੀਂ ਕੀਤਾ।

# ਮ੍ਰਿਤਕ ਔਰਤ ਨੂੰ ਕੋਰੋਨਾ ਵੈਕਸੀਨ ਦੀ ਦੂਸਰੀ ਖ਼ੁਰਾਕ ਦੇ ਦਿੱਤੀ

ਪਟਨਾ, 23 ਦਸੰਬਰ (ਪੋਸਟ ਬਿਊਰੋ)- ਬਿਹਾਰ ਵਿੱਚ ਦੋ ਮਹੀਨੇ ਪਹਿਲਾਂ ਮਰ ਚੁੱਕੀ ਇੱਕ ਔਰਤ ਨੂੰ ਕੋਰੋਨਾ ਵੈਕਸੀਨ ਦੀ ਦੂਸਰੀ ਖ਼ੁਰਾਕ ਮਿਲਣ ਦਾ ਸੰਦੇਸ਼ ਉਸ ਦੇ ਪਤੀ ਦੇ ਮੋਬਾਈਲ ਨੰਬਰ ਉੱਤੇ ਆਇਆ ਹੈ।



ਲਾਲੋ ਦੇਵੀ ਦੇ ਪਤੀ ਰਾਮ ਉਦਗਰ ਠਾਕੁਰ ਨੇ ਦਸਿਆ ਕਿ19 ਸਤੰਬਰ ਨੂੰ ਵੀਰਪੁਰ ਬਲਾਕ ਦੇ ਗ੍ਰਾਮ ਖਰਮੌਲੀ ਵਿੱਚ ਉਸ ਦੀ ਪਤਨੀ ਦੀ ਬਿਮਾਰੀ ਕਾਰਨ ਮੌਤ ਹੋ ਗਈ। ਬਿਹਾਰ ਦੇ ਯੋਜਨਾ ਅਤੇ ਵਿਕਾਸ ਵਿਭਾਗ ਨੇ ਉਸੇ ਤਰੀਕ ਨੂੰ ਡੈਥ ਸਰਟੀਫਿਕੇਟ ਦੇ ਦਿੱਤਾ। ਉਸ ਦੀ ਮੌਤ ਦੇ ਦੋ ਮਹੀਨੇ ਬਾਅਦ ਕੋਰੋਨਾ ਟੀਕਾਕਰਨ ਦਾ ਸਰਟੀਫਿਕੇਟ ਸਿਹਤ ਵਿਭਾਗ ਤੋਂ ਮਿਲਿਆ ਹੈ। ਵੀਰਪੁਰ ਦੇ ਸਰਕਾਰੀ ਸਿਹਤ ਕੇਂਦਰ ਨੇ 25 ਨਵੰਬਰ ਨੂੰ ਕਿਸਾਨ ਭਵਨ ਵਿੱਚ ਕੋਰੋਨਾ ਟੀਕਾਕਰਣ ਕੈਂਪ ਲਾਇਆ ਸੀ। ਉਸ ਮੌਕੇ ਸਿਹਤ ਅਧਿਕਾਰੀਆਂ ਨੇ ਲਾਲੋ ਦੇਵੀ ਦੇ ਨਾਂਅ ਟੀਕਾਕਰਨ ਦਾ ਸਰਟੀਫਿਕੇਟ ਜਾਰੀ ਕੀਤਾ ਹੈ।









### ਫਰਾਡੀ ਗਿਰੋਹ ਦਾ ਪਰਦਾਫਾਸ਼:

# ਤਿਹਾੜ ਤੇ ਮੰਡੋਲੀ ਜੇਲ੍ਹ ਦੇ ਅੰਦਰੋਂ ਠੱਗੀਆਂ ਕਰਨ ਵਾਲੇ ਗ੍ਰਿਫਤਾਰ

ਫਰੀਦਾਬਾਦ, 23 ਦਸੰਬਰ (ਪੋਸਟ ਬਿਊਰੋ)- ਫਰੀਦਾਬਾਦ ਸਮੇਤ ਦਿੱਲੀ-ਐਨ ਸੀ ਆਰ ਦੇ ਖੇਤਰ ਵਿੱਚ ਕ੍ਰੈਡਿਟ ਕਾਰਡ ਉੱਤੇ ਰਿਵਾਰਡ ਪੁਆਇੰਟਸ ਨੂੰ ਕੈਸ਼ ਕਰਾਉਣ ਦਾ ਝਾਂਸਾ ਦੇ ਕੇ ਲੋਕਾਂ ਨਾਲ ਠੱਗੀ ਕਰਨ ਵਾਲਾਗੈਂਗ ਸਾਈਬਰ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਪੁਲਸ ਮੁਤਾਬਕ ਇਸ ਗੈਂਗ ਦੇ ਪੰਜਾਹ ਤੋਂ ਵੱਧ ਠੱਗੀ ਦੇ ਕੇਸ ਪਤਾ ਲੱਗੇ ਹਨ। ਇਨ੍ਹਾਂ ਦੇ ਖਾਤਿਆਂ ਵਿੱਚ ਇੱਕ ਸਾਲ ਵਿੱਚ ਕਰੀਬ 65 ਲੱਖ ਰੁਪਏ ਦਾ ਲੈਣ-ਦੇਣ ਹੋਇਆ ਹੈ।

